# ਵਕੀਲ ਨਾਲ ਕੰਮ ਕਰ ਰਹੀਆਂ ਇਮੀਗਰੈਂਟ (ਆਵਾਸੀ) ਔਰਤਾਂ ਲਈ ਕਿਤਾਬਚਾ

bwss
BATTERED WOMEN'S SUPPORT SERVICES

The Violence Stops Here

BWSS ਦਾ ਕਿਤਾਬਚਾ
ਨਵੰਬਰ 2010

www.bwss.org • www.theviolencestopshere.ca

# ਵਕੀਲ ਨਾਲ ਕੰਮ ਕਰ ਰਹੀਆਂ ਇਮੀਗਰੈਂਟ (ਆਵਾਸੀ) ਔਰਤਾਂ ਲਈ ਕਿਤਾਬਚਾ

**BWSS**
ਦਾ ਕਿਤਾਬਚਾ

ਨਵੰਬਰ - 2010

www.bwss.org • www.theviolencestopshere.ca

ਇਹ ਸਰੋਤ ਬੈਟਰਡ ਵਿਮੈਨਜ਼ ਸਪੋਰਟ ਸਰਵਿਸਿਜ਼ ਦਾ ਆਵਾਸੀ ਔਰਤਾਂ ਦਾ ਕਾਨੂੰਨੀ ਪ੍ਰਣਾਲੀ ਵੱਲ ਧਿਆਨ ਦਿਵਾਉਣ ਵਾਲੀ ਲੜੀ ਦਾ ਇੱਕ ਭਾਗ ਹੈ। ਤਿੰਨ ਸਾਲਾਂ ਦੇ ਇਸ ਉਪਰਾਲੇ ਲਈ ਵਿੱਤੀ ਸਹਾਇਤਾ ਲਾਅ ਫਾਉਂ-ਡੇਸ਼ਨ ਆਫ਼ ਬੀ ਸੀ ਅਤੇ ਭਾਂਸ਼ਸ਼ ਸੋਸ਼ਲ ਇੰਟਰਪ੍ਰਾਇਸਿਸ ਵੱਲੋਂ ਪ੍ਰਦਾਨ ਕੀਤੀ ਗਈ ਹੈ।

bwss BATTERED WOMEN'S SUPPORT SERVICES

The Violence Stops Here

THE LAW FOUNDATION OF BRITISH COLUMBIA

# ਵਿਸ਼ੇ ਸੂਚੀ


**ਵਕੀਲ ਨਾਲ ਕੰਮ ਕਰ ਰਹੀਆਂ ਆਵਾਸੀ ਔਰਤਾਂ ਲਈ ਕਿਤਾਬਚਾ** 5

ਇਸ ਕਿਤਾਬਚੇ ਬਾਰੇ 5

ਇਹ ਕਿਤਾਬਚਾ ਤੁਹਾਡੀ ਕਿਵੇਂ ਮਦਦ ਕਰੇਗਾ 6

ਦੁਰਵਿਹਾਰ ਕੀ ਹੈ? 6

**ਵਕੀਲਾਂ ਨਾਲ ਕੰਮ ਕਰਨਾ** 7

ਤੁਹਾਡੇ ਵਕੀਲ ਦੀਆਂ ਜ਼ਿੰਮੇਵਾਰੀਆਂ 7

ਤੁਹਾਡੀਆਂ ਜ਼ਿੰਮੇਵਾਰੀਆਂ 9

**ਵਰਕਬੁੱਕ** 11

1) ਆਪਣੇ ਦਸਤਾਵੇਜ਼ਾਂ ਨੂੰ ਤਰਤੀਬ ਵਿੱਚ ਰੱਖੋ: ਲੜੀਵਾਰ ਗਾਈਡ 11

2) ਮੀਟਿੰਗਾਂ ਅਤੇ ਘਟਨਾਵਾਂ ਦਾ ਵੇਰਵਾ 14

3) ਜਾਣਕਾਰੀ ਲਈ ਪਰਚਾ 15

**ਕਾਨੂੰਨੀ ਪ੍ਰਣਾਲੀ ਵਿੱਚੋਂ ਲੰਘਦਿਆਂ ਹੋਇਆਂ ਤੁਸੀਂ ਕਿਹੜੇ ਵੱਖ-ਵੱਖ ਲੋਕਾਂ ਨਾਲ ਕੰਮ ਕਰਦੇ ਹੋ** 16

ਭਾਈਚਾਰੇ ਨਾਲ ਕੰਮ ਕਰਨ ਵਾਲੇ ਮੁਲਾਜ਼ਮ (Community Worker) 16

ਪਰਿਵਾਰਾਂ ਨੂੰ ਨਿਆਂ ਦਿਵਾਉਣ ਵਾਲੇ ਮਾਹਿਰ (Family Justice Counsellor) 17

ਕਾਨੂੰਨੀ ਐਡਵੋਕੇਟ (Legal Advocate) 17

ਦੋ-ਭਾਸ਼ੀਆ (Interpreter) 17

ਨਿੱਜੀ ਤੌਰ ‘ਤੇ ਕੀਤਾ ਵਕੀਲ (Privately Hired Lawyer) 18

ਲੀਗਲ ਏਡ ਵਕੀਲ (Legal Aid Lawyer) 18

ਲੀਗਲ ਏਡ ਦੀ ਅਰਜ਼ੀ ਭਰਨ ਵਾਲੇ ਮੁਲਾਜ਼ਮ (Legal Aid Intake Worker) 19

ਦੋਹਾਂ ਧਿਰਾਂ ਵਿਚਾਲੇ ਗੱਲ ਕਰਨ ਵਾਲਾ (Mediator) 19

ਫੈਮਿਲੀ ਡਿਊਟੀ ਕਾਊਂਸਲ (Family Duty Council) 19

**ਔਰਤਾਂ ਲਈ ਕਾਨੂੰਨੀ ਵਸੀਲੇ** 20

ਕਾਨੂੰਨੀ ਹਿਮਾਇਤ 22

ਭਾਈਚਾਰੇ ਵਿਚਲੇ ਵਸੀਲੇ 23

# ਵਕੀਲ ਨਾਲ ਕੰਮ ਕਰ ਰਹੀਆਂ ਇਮੀਗਰੈਂਟ (ਆਵਾਸੀ) ਔਰਤਾਂ ਲਈ ਕਿਤਾਬਚਾ

## ਇਸ ਕਿਤਾਬਚੇ ਬਾਰੇ

ਇਹ ਕਿਤਾਬਚਾ ਕਾਨੂੰਨੀ ਪ੍ਰਣਾਲੀ ਵਿੱਚੋਂ ਨਿਕਲ ਰਹੀਆਂ ਆਵਾਸੀ ਔਰਤਾਂ ਨੇ ਦੂਸਰੀਆਂ ਆਵਾਸੀ ਔਰਤਾਂ ਲਈ ਬਣਾਇਆ ਹੈ। ਜਿਹੜੀਆਂ ਔਰਤਾਂ ਨੇ ਇਸ ਕਿਤਾਬਚੇ ਨੂੰ ਬਣਾਉਣ ਵਿੱਚ ਮਦਦ ਕੀਤੀ ਹੈ ਉਹ ਵੀ ਕਦੇ ਇਹਨਾਂ ਹਾਲਾਤਾਂ ਵਿੱਚੋਂ ਨਿਕਲੀਆਂ ਸਨ ਜਿਹਨਾਂ ਵਿੱਚੋਂ ਤੁਸੀਂ ਨਿਕਲ ਰਹੇ ਹੋ। ਉਹਨਾਂ ਨੂ ਇਸ ਕਿਤਾਬਚੇ ਨੂੰ ਬਣਾਉਣ ਦੀ ਜਾਣਕਾਰੀ ਪ੍ਰਾਪਤ ਹੈ ਕਿਉਂਕਿ ਉਹਨਾਂ ਨੇ ਆਪਣੇ ਆਪ ਨੂੰ ਆਪਣੇ ਸਾਥੀ ਦੇ ਅਤਿਆਚਾਰ ਤੋਂ ਬਚਾਇਆ ਹੈ ਅਤੇ ਉਹਨਾਂ ਨੂੰ ਪਰਿਵਾਰਕ ਕਾਨੂੰਨ ਪ੍ਰਣਾਲੀ ਦਾ ਤਜਰਬਾ ਹੈ।

ਇਹ ਸਰੋਤ ਉਹਨਾਂ ਸਾਰੀਆਂ ਆਵਾਸੀ ਔਰਤਾਂ ਲਈ ਹੈ ਜਿਹਨਾਂ ਨੇ ਅਤਿਆਚਾਰ ਸਹਾਰਿਆ ਹੈ ਅਤੇ ਉਹ ਕਾਨੂੰਨੀ ਪ੍ਰਣਾਲੀ ਵਿੱਚੋਂ ਨਿਕਲ ਰਹੀਆਂ ਹਨ। ਭਾਵੇਂ ਤੁਸੀਂ ਅਤਿਆਚਾਰ ਦਾ ਸ਼ਿਕਾਰ ਨਹੀਂ ਹੋਏ ਹੋ ਪਰ ਤੁਸੀਂ ਕਾਨੂੰਨੀ ਪ੍ਰਣਾਲੀ ਵਿੱਚੋਂ ਦੀ ਲੰਘ ਰਹੇ ਹੋ ਤਾਂ ਵੀ ਇਹ ਕਿਤਾਬਚਾ ਤੁਹਾਡੇ ਲਈ ਬੜੀ ਹੀ ਲਾਭਕਾਰੀ ਹੋਵੇਗਾ। ਤੁਸੀਂ ਇਸ ਸਰੋਤ ਦੀ ਮਦਦ ਨਾਲ ਆਪਣੇ ਲੀਗਲ ਏਡ ਵਕੀਲ ਜਾਂ ਕਿਸੇ ਵੀ ਵਕੀਲ ਨਾਲ ਕੰਮ ਕਰਨ ਦੀ ਤਿਆਰੀ ਕਰ ਸਕਦੇ ਹੋ। ਤੁਸੀਂ ਆਪਣੇ ਕਾਨੂੰਨੀ ਕੇਸ ਦਾ ਸਾਹਮਣਾ ਕਰਨ ਲਈ ਚੰਗੀ ਤਰ੍ਹਾਂ ਤਿਆਰ ਹੋਵੋਗੇ। ਇਸ ਸਰੋਤ ਵਿੱਚ ਦਿੱਤੀ ਜਾਣਕਾਰੀ ਨਾਲ ਤਹਾਨੂੰ ਕਾਨੂੰਨੀ ਮਾਹਿਰਾਂ ਨਾਲ ਵਧੇਰੇ ਆਤਮ-ਵਿਸ਼ਵਾਸ ਅਤੇ ਯੋਗਤਾ ਨਾਲ ਗੱਲ ਕਰਨ ਵਿੱਚ ਮਦਦ ਮਿਲੇਗੀ।

ਕੁਝ ਔਰਤਾਂ ਲਈ ਕਾਨੂੰਨੀ ਕੇਸ ਦੀਆਂ ਸਾਰੀਆਂ ਗੱਲਾਂ ਯਾਦ ਰੱਖਣੀਆਂ ਔਖੀਆਂ ਹੋ ਸਕਦੀ ਹਨ ਕਿਉਂਕਿ ਉਹ ਦੁਰਵਿਹਾਰ ਦਾ ਸ਼ਿਕਾਰ ਹੋਈਆਂ ਹੁੰਦੀਆਂ ਹਨ। ਕਿਉਂਕਿ ਤਹਾਡੇ ‘ਤੇ ਅਜੇ ਵੀ ਦੁਰਵਿਹਾਰ ਦਾ ਅਸਰ ਹੋ ਸਕਦਾ ਹੈ ਇਸਲਈ ਸਾਰੀਆਂ ਗੱਲਾਂ ਲਿਖਣੀਆਂ, ਦਸਤਾਵੇਜ਼ ਸਹੀ ਕਰਕੇ ਰੱਖਣੇ, ਇਸ ਕਿਤਾਬਚਾ ਨੂੰ ਪੜ੍ਹਣਾ, ਸਾਰੀਆਂ ਗੱਲਾਂ ਨੂੰ ਧਿਆਨ ਵਿੱਚ ਰੱਖਣਾ ਜਾਂ ਆਪਣੇ ਵਕੀਲ ਦੀਆਂ ਗੱਲਾਂ ਨੂੰ ਯਾਦ ਰੱਖਣਾ ਔਖਾ ਹੋ ਸਕਦਾ ਹੈ। ਇਸਦੇ ਨਾਲ ਨਾਲ ਆਪਣੇ ਆਪ ਨੂੰ ਕਸੂਰਵਾਰ ਮੰਨਣਾ, ਗੁੱਸੇ ਅਤੇ ਉਦਾਸੀ ਦੀਆਂ ਭਾਵਨਾਵਾਂ ਮਹਿਸੂਸ ਕਰਨਾ ਬਹੁਤ ਹੀ ਆਮ ਗੱਲ ਹੈ। ਇਹ ਮਹਿਸੂਸ ਕਰਨਾ ਵੀ ਆਮ ਹੈ ਕਿ ਕਾਨੂੰਨੀ ਕਾਰਵਾਈ ਨੂੰ ਜਾਰੀ ਰੱਖਣ ਦਾ ਕੋਈ ਲਾਭ ਨਹੀਂ। ਜੇਕਰ ਤੁਹਾਨੂੰ ਇਸ ਤਰ੍ਹਾਂ ਲੱਗਦਾ ਹੈ ਤਾਂ ਤੁਸੀਂ ਆਪਣੀਆਂ ਭਾਵਨਾਵਾਂ ਨੂੰ ਸਮਝਣ ਲਈ ਕਾਉਂਸਲਰ ਨਾਲ ਗੱਲ ਕਰ ਸਕਦੇ ਹੋ। ਕ੍ਰਿਪਾ ਕਰਕੇ ਅਜਿਹੀ ਹਾਲਤ ਵਿੱਚੋਂ ਲੰਘ ਰਹੀ ਔਰਤ ਲਈ ਸਿਖਲਾਈ ਪ੍ਰਾਪਤ ਕਾਉਂਸਲਰ ਲੱਭਣ ਲਈ ਇਸ ਕਿਤਾਬਚਾ ਦੇ ਸਰੋਤਾਂ ਵਾਲੇ ਭਾਗ ਨੂੰ ਵੇਖੋ।

## ਇਹ ਕਿਤਾਬਚਾ ਤੁਹਾਡੀ ਕਿਵੇਂ ਮਦਦ ਕਰੇਗੀ

ਆਵਾਸੀ ਔਰਤਾਂ ਲਈ ਕੈਨੇਡਾ ਦੀ ਕਾਨੂੰਨੀ ਪ੍ਰਣਾਲੀ ਬਹੁਤ ਅਲੱਗ ਅਤੇ ਡਰਾਉਣੀ ਹੋ ਸਕਦੀ ਹੈ। ਭਾਵੇਂ ਤੁਸੀਂ ਹੁਣ ਇਸ ਦੇਸ਼ ਵਿੱਚ ਹੋ ਪਰ ਕਾਨੂੰਨ ਬਾਰੇ ਤੁਹਾਡੀ ਸਮਝ ਆਪਣੇ ਦੇਸ਼ ਦੇ ਤਜਰਬਿਆਂ 'ਤੇ ਆਧਾਰਤ ਹੋ ਸਕਦੀ ਹੈ। ਆਵਾਸੀ ਔਰਤਾਂ ਲਈ ਇਹ ਬੜੀ ਹੀ ਆਮ ਗੱਲ ਹੈ। ਜੇਕਰ ਤੁਹਾਡਾ ਆਪਣੇ ਦੇਸ਼ ਵਿੱਚ ਕਾਨੂੰਨ ਨਾਲ ਕੋਈ ਮਾੜਾ ਤਜਰਬਾ ਹੋਇਆ ਹੁੰਦਾ ਹੈ, ਜਾਂ ਤੁਸੀਂ ਕੁਝ ਅਜਿਹਾ ਸੁਣਿਆ ਹੁੰਦਾ ਹੈ ਤਾਂ ਕੈਨੇਡਾ ਵਿੱਚ ਕਾਨੂੰਨ ਦੀ ਸਹਾਇਤਾ ਲੈਣਾ ਅਤੇ ਉਸ 'ਤੇ ਵਿਸ਼ਵਾਸ ਕਰਨਾ ਹੋਰ ਵੀ ਔਖਾ ਹੋ ਜਾਂਦਾ ਹੈ।

ਆਵਾਸੀ ਹੋਣ ਕਰਕੇ ਤੁਸੀਂ ਭਾਸ਼ਾ ਅਤੇ ਸਭਿਅਚਾਰ ਜਿਹੀਆਂ ਔਕੜਾਂ ਦਾ ਸਹਮਣਾ ਵੀ ਕਰ ਰਹੇ ਹੁੰਦੇ ਹੋ। ਸਭਿਆਚਾਰ ਦੇ ਫਰਕ ਕਰਕੇ ਹੋ ਸਕਦਾ ਹੈ ਤੁਸੀਂ ਕੈਨੇਡਾ ਦੀ ਕਾਨੂੰਨੀ ਪ੍ਰਣਾਲੀ ਅਨੁਸਾਰ ਗੱਲ ਅਤੇ ਸਲੂਕ ਨਾ ਕਰ ਸਕੋ। ਆਪਣੇ ਹੱਕਾਂ, ਜ਼ਿੰਮੇਵਾਰੀਆਂ ਅਤੇ ਆਪਣੇ ਵਕੀਲ ਨਾਲ ਗੱਲ, ਸਲੂਕ ਕਰਨ ਅਤੇ ਉਸ ਨਾਲ ਪੇਸ਼ ਆਉਣ ਬਾਰੇ ਜਾਣਕਾਰੀ ਹੋਣ ਨਾਲ, ਤੁਹਾਡੇ ਕੇਸ ਦੇ ਬਹੁਤ ਵਧੀਆ ਨਤੀਜੇ ਨਿਕਲ ਸਕਦੇ ਹਨ।

ਦੁਰਵਿਹਾਰ ਦਾ ਸ਼ਿਕਾਰ ਹੋਈ ਔਰਤ ਲਈ ਕਾਨੂੰਨ ਦਾ ਸਾਹਮਣਾ ਕਰਨਾ ਹੋਰ ਵੀ ਔਖਾ ਹੋ ਸਕਦਾ ਹੈ ਕਿਉਂਕਿ ਤੁਹਾਡਾ ਸਾਥੀ ਜਾਂ ਪਹਿਲਾਂ ਰਹਿ ਚੁੱਕਾ ਸਾਥੀ ਕਾਨੂੰਨ ਦਾ ਹੀ ਸਹਾਰਾ ਲੈਕੇ ਤੁਹਾਡੇ ਨਾਲ ਦੁਰਵਿਹਾਰ ਕਰਨਾ ਜਾਰੀ ਰੱਖ ਸਕਦਾ ਹੈ। ਇਸਦੀਆਂ ਕੁਝ ਉਦਾਰਹਣਾਂ ਇਸ ਤਰ੍ਹਾਂਹਨ: ਬਾਲ ਸਹਾਇਤਾ ਦੀ ਰਾਸ਼ੀ ਇੱਕਦਮ ਬਦਲ ਦੇਣੀ, ਬੱਚਿਆਂ ਦੀ ਸਪੁਰਦਗੀ (ਕਸਟੱਡੀ) ਅਤੇ ਪਹੁੰਚ ਨੂੰ ਚੁਣੌਤੀ ਦੇਣੀ ਜਾਂ ਬਾਰ ਬਾਰ ਤੁਹਾਡੇ ਵਕੀਲਾਂ ਨਾਲ ਸੰਪਰਕ ਕਰਨਾ ਤਾਂ ਜੋ ਤੁਹਾਡੀ ਕਾਨੂੰਨੀ ਫ਼ੀਸ ਵੱਧ ਜਾਵੇ।

ਇਸ ਕਿਤਾਬਚਾ ਦੀ ਵਰਤੋਂ ਕਰਨ ਨਾਲ ਤੁਸੀਂ ਵਕੀਲ ਨਾਲ ਸਾਫ਼ ਢੰਗ ਨਾਲ ਗੱਲ ਕਰਨ ਦੇ ਹੁਨਰ ਸਿੱਖੋਗੇ। ਇਹਨਾਂ ਹੁਨਰਾਂ ਨਾਲ ਤੁਸੀਂ ਭਾਈਚਾਰੇ ਦੇ ਹੋਰ ਮਾਹਿਰਾਂ ਨਾਲ ਵੀ ਚੰਗੀ ਤਰ੍ਹਾਂ ਗੱਲ ਬਾਤ ਕਰ ਸਕੋਗੇ। ਤੁਸੀਂ ਕਾਨੂੰਨੀ ਪ੍ਰਣਾਲੀ ਦੀ ਮਦਦ ਲੈਣ ਬਾਰੇ ਅਤੇ ਆਪਣੇ ਹੱਕਾਂ ਅਤੇ ਜ਼ਿੰਮੇਵਾਰੀਆਂ ਬਾਰੇ ਵੀ ਸਿੱਖੋਗੇ।

## ਦੁਰਵਿਹਾਰ ਕੀ ਹੈ?

ਜਦੋਂ ਅਸੀਂ ਦੁਰਵਿਹਾਰ ਬਾਰੇ ਸੋਚਦੇ ਹਾਂ ਤਾਂ ਅਕਸਰ ਇਸਦਾ ਅਰਥ ਸਰੀਰਕ ਅਤਿਅਚਾਰ ਸਮਝਦੇ ਹਾਂ। ਕੈਨੇਡਾ ਵਿੱਚ ਦੂਸਰੇ ਵਿਅਕਤੀ 'ਤੇ ਸਰੀਰਕ ਜਾਂ ਕਾਮੁਕ ਅਤਿਅਚਾਰ ਕਰਨਾ ਇੱਕ ਅਪਰਾਧ ਹੈ। ਕਿਸੇ ਨੂੰ ਨੁਕਸਾਨ ਪਹੁੰਚਾਉਣਾ, ਜਾਨ ਤੋਂ ਮਾਰਨ ਦੀ ਧਮਕੀ ਦੇਣਾ, ਤੰਗ ਕਰਨਾ ਅਤੇ ਪਿੱਛਾ ਕਰਨਾ ਵੀ ਗੈਰ ਕਾਨੂੰਨੀ ਹੈ। ਪਿੱਛਾ ਕਰਨ ਦਾ ਅਰਥ ਹੈ ਜਦੋਂ ਕੋਈ ਤੁਹਾਨੂੰ ਲਗਾਤਾਰ ਤੰਗ ਕਰ ਰਿਹਾ ਜਾਂ ਧਮਕੀਆਂ ਦੇ ਰਿਹਾ ਹੈ। ਜਦੋਂ ਕੋਈ ਤੰਗ ਕਰਦਾ ਹੈ ਤਾਂ ਉਹ ਬਾਰ ਬਾਰ ਤੁਹਾਨੂੰ ਫੋਨ, ਤੁਹਾਡਾ ਪਿੱਛਾ ਕਰਦਾ ਜਾਂ ਤੁਹਾਡੇ ਮਨ੍ਹਾਂ ਕਰਨ 'ਤੇ ਵੀ ਤੁਹਾਡੇ ਘਰ ਜਾਂ ਕੰਮ ਤੱਕ ਤੁਹਾਡਾ ਪਿੱਛਾ ਕਰਦਾ ਹੈ। ਧਮਕੀਆਂ ਦਾ ਅਰਥ ਹੈ ਜਦੋਂ ਕੋਈ ਤੁਹਾਨੂੰ ਨੁਕਸਾਨ ਪਹੁੰਚਾਉਣ, ਜਾਨ ਤੋਂ ਮਾਰਨ, ਜਾਂ ਤੁਹਾਡੇ ਪਰਿਵਾਰ ਨੂੰ ਨੁਕਸਾਨ ਪਹੁੰਚਾਉਣ ਦੀ ਗੱਲ ਕਰਦਾ ਹੈ।

ਔਰਤਾਂ ਉੱਤੇ ਉਹਨਾਂ ਦੇ ਸਾਥੀ ਕਈ ਹੋਰ ਢੰਗਾਂ ਨਾਲ ਵੀ ਅਤਿਆਚਾਰ ਕਰਦੇ ਹਨ। ਉਹ ਢੰਗ ਹਨ: ਜ਼ਬਾਨੀ, ਭਾਵਾਤਮਕ, ਮਾਨਸਿਕ ਅਤੇ/ਜਾਂ ਆਰਥਿਕ ਅਤਿਆਚਾਰ। ਭਾਵੇਂ ਇਸ ਤਰ੍ਹਾਂ ਦੇ ਅਤਿਆਚਾਰ ਦੇ ਨਿਸ਼ਾਨ ਨਹੀਂ ਦਿੱਸਦੇ ਪਰ ਇਹਨਾਂ ਦਾ ਅਸਰ ਵੀ ਸਰੀਰਕ ਜਾਂ ਕਾਮੁਕ ਅਤਿਆਚਾਰ ਵਾਂਗ ਹੀ ਦੁਖਦਾਈ ਹੋ ਸਕਦਾ ਹੈ।ਇਹ ਜ਼ਰੂਰੀ ਹੈ ਕਿ ਤੁਸੀਂ ਆਪਣੇ ਵਕੀਲ ਨੂੰ ਜ਼ਬਾਨੀ, ਭਾਵਾਤਮਕ, ਮਾਨਸਿਕ ਅਤੇ ਆਰਥਿਕ ਅਤਿਆਚਾਰ ਬਾਰੇ ਦੱਸੋ। ਭਾਵੇਂ ਤੁਹਾਡੇ ਸਾਥੀ 'ਤੇ ਅਜਿਹੇ ਅਤਿਆਚਾਰ ਲਈ ਫੌਜਦਾਰੀ ਮੁਕੱਦਮਾ ਨਹੀਂ ਚਲਾਇਆ ਜਾਵੇਗਾ ਪਰ ਫੇਰ ਵੀ ਇਹ ਸਭ ਦੱਸਣਾ ਤੁਹਾਡੇ ਕੇਸ ਲਈ ਜ਼ਰੂਰੀ ਹੈ। ਸਹਾਇਤਾ ਲੈਣ ਜਾਂ ਆਪਣੇ ਇਲਾਕੇ ਦੇ ਸਰੋਤਾਂ ਬਾਰੇ ਜਾਣਕਾਰੀ ਲੈਣ ਲਈ ਤੁਸੀਂ BWSS ਦੀ ਇਨਟੇਕ ਲਾਈਨ ਨੂੰ 604-687-1867 'ਤੇ ਫੋਨ ਕਰ ਸਕਦੇ ਹੋ।

# ਵਕੀਲਾਂ ਨਾਲ ਕੰਮ ਕਰਨਾ

ਆਮਤੌਰ 'ਤੇ ਆਵਾਸੀ ਭਾਈਚਾਰਿਆਂ ਵਿੱਚ ਮਾਹਿਰ 'ਤੇ ਪੇਸ਼ਾਵਰ ਲੋਕਾਂ ਦੀ ਬੜੀ ਇੱਜ਼ਤ ਕੀਤੀ ਜਾਂਦੀ ਹੈ। ਵਕੀਲ ਕਿਉਂਕਿ ਪੜ੍ਹੇ-ਲਿਖੇ ਅਤੇ ਕਾਨੂੰਨੀ ਜਾਣਕਾਰੀ ਦੇ ਮਾਹਿਰ ਹੁੰਦੇ ਹਨ, ਇਸਲਈ ਲੋਕ ਉਹਨਾਂ ਨੂੰ ਬਹੁਤ ਸਾਰੀ ਤਾਕਤ ਦੇ ਦੇਂਦੇ ਹਨ। ਤੁਸੀਂ ਸੋਚ ਸਕਦੇ ਹੋ ਕਿ ਜੋ ਤੁਹਾਡੇ ਵਕੀਲ ਨੇ ਕਹਿ ਦਿੱਤਾ ਉਹੀ ਠੀਕ ਹੈ। ਵਕੀਲਾਂ ਨੂੰ ਕਾਨੂੰਨੀ ਮੁੱਦਿਆਂ ਬਾਰੇ ਤਜਰਬਾ ਅਤੇ ਜਾਣਕਾਰੀ ਹੁੰਦੀ ਹੈ, ਪਰ ਕੇਵਲ ਤੁਹਾਨੂੰ ਆਪਣੇ ਤਜਰਬੇ ਅਤੇ ਆਪਣੇ ਕੇਸ ਦੀਆਂ ਸੱਚਾਈਆਂ ਬਾਰੇ ਪਤਾ ਹੁੰਦਾ ਹੈ। ਆਪਣੇ ਕੇਸ ਨੂੰ ਆਪਣੀ ਭਲਾਈ ਲਈ ਸਾਂਭਣ ਦੀ ਜ਼ਿੰਮੇਵਾਰੀ ਅਤੇ ਤਾਕਤ ਕੇਵਲ ਤੁਹਾਡੇ ਕੋਲ ਹੈ।

ਇੱਕ ਅਸਾਮੀ ਹੋਣ ਕਾਰਣ ਇਹ ਜਾਣਨਾ ਚੰਗਾ ਹੁੰਦਾ ਕਿ ਤੁਹਾਡੇ ਵਕੀਲ ਦੀਆਂ ਤੁਹਾਡੇ ਪ੍ਰਤੀ ਕੀ ਜ਼ਿੰਮੇਵਾਰੀਆਂ ਹਨ। ਇਹ ਜਾਣਨਾ ਵੀ ਜ਼ਰੂਰੀ ਹੈ ਕਿ ਤੁਹਾਡੀਆਂ ਵੀ ਕੁਝ ਜ਼ਿੰਮੇਵਾਰੀਆਂ ਹਨ। ਇਹਨਾਂ ਜ਼ਿੰਮੇਵਾਰੀਆਂ ਨੂੰ ਜਾਣਨ ਨਾਲ ਤੁਹਾਨੂੰ ਆਪਣੇ ਕੇਸ ਦਾ ਵਧੀਆ ਨਤੀਜਾ ਵੇਖਣ ਵਿੱਚ ਮਦਦ ਮਿਲੇਗੀ। ਆਪਣੇ ਵਕੀਲ ਅਤੇ ਆਪਣੀ ਜ਼ਿੰਮੇਵਾਰੀ ਨੂੰ ਸਹੀ ਤਰ੍ਹਾਂ ਸਮਝਣ ਅਤੇ ਆਪਸ ਵਿੱਚ ਸਾਫ਼-ਸਾਫ਼ ਗੱਲ ਕਰਨ ਨਾਲ ਤੁਸੀਂ ਇਹ ਸਮਝ ਸਕੋਗੇ ਕਿ ਤੁਹਾਨੂੰ ਮਿਲੀ ਲੀਗਲ ਏਡ ਨਾਲ ਅਸਲ ਵਿੱਚ ਕਿਹੜੀਆਂ ਗੱਲਾਂ ਨੂੰ ਨਜਿੱਠਿਆ ਜਾ ਸਕਦਾ ਹੈ।

## ਤੁਹਾਡੇ ਵਕੀਲ ਦੀਆਂ ਜ਼ਿੰਮੇਵਾਰੀਆਂ[1]

1. ਇਹ ਤੁਹਾਡੇ ਵਕੀਲ ਦੀ ਜ਼ਿੰਮੇਵਾਰੀ ਹੈ ਕਿ ਜੇਕਰ ਤੁਸੀਂ ਅੰਗਰੇਜ਼ੀ ਚੰਗੀ ਤਰ੍ਹਾਂ ਨਹੀਂ ਜਾਣਦੇ ਤਾਂ ਤੁਹਾਨੂੰ ਦੋ-ਭਾਸ਼ੀਆ ਦੀਆਂ ਸੇਵਾਵਾਂ ਪ੍ਰਦਾਨ ਕਰੇ।ਆਪਣੇ ਵਕੀਲ ਨਾਲ ਮੀਟਿੰਗ ਕਰਨ ਤੋਂ ਪਹਿਲਾਂ ਉਹਨਾਂ ਨੂੰ ਦੱਸ ਦਿਓ ਕਿ ਤੁਹਾਨੂੰ ਦੋ-ਭਾਸ਼ੀਏ ਦੀ ਲੋੜ ਹੈ ਤਾਂ ਉਹ ਤੁਹਾਡੇ ਲਈ ਇਸ ਦਾ ਪ੍ਰਬੰਧ ਕਰ ਲੈਣਗੇ। ਦੋ-ਭਾਸ਼ੀਆ ਦੀ ਮੰਗ ਕਰਨ ਦਾ ਤੁਹਾਨੂੰ ਹੱਕ ਹੈ।ਜੇਕਰ ਤੁਹਾਨੂੰ ਲੀਗਲ ਏਡ ਮਿਲੀ ਹੋਈ ਹੈ ਤਾਂ ਇਸ ਸੇਵਾ ਦਾ ਕੋਈ ਖ਼ਰਚਾ ਨਹੀਂ ਹੋਵੇਗਾ; ਪਰ ਹੋ ਸਕਦਾ ਹੈ ਕਿ ਤੁਹਾਡੇ ਲੀਗਲ ਏਡ ਦੇ ਘੰਟੇ ਘੱਟ ਹੋ ਜਾਣ।

**ਯਾਦ ਰੱਖੋ** ਜੇਕਰ ਤੁਸੀਂ ਅੰਗਰੇਜ਼ੀ ਚੰਗੀ ਤਰ੍ਹਾਂ ਨਹੀਂ ਜਾਣਦੇ ਤਾਂ ਸਿਖਲਾਈ ਪ੍ਰਾਪਤ ਦੋ-ਭਾਸ਼ੀਆ ਲੈਣ ਦਾ ਤੁਹਾਨੂੰ ਕਾਨੂੰਨੀ ਤੌਰ 'ਤੇ ਹੱਕ ਹੈ। ਜੇਕਰ ਤੁਹਾਨੂੰ ਆਪਣੀ ਸਹੇਲੀ ਜਾਂ ਬੱਚੇ ਨੂੰ ਤੁਹਾਡੇ ਲਈ ਦੋ ਭਾਸ਼ੀਆ ਦਾ ਕੰਮ ਕਰਨ ਲਈ ਆਖਿਆ ਜਾਂਦਾ ਹੈ ਤਾਂ ਤੁਹਾਨੂੰ ਨਾਂਹ ਕਰਨ ਦਾ ਹੱਕ ਹੈ ਅਤੇ ਤੁਸੀਂ ਆਪਣੀਆਂ ਅਪਾਇੰਟਮੈਂਟਾਂ ਲਈ ਇੱਕ ਸਿਖਲਾਈ ਪ੍ਰਾਪਤ ਦੋ-ਭਾਸ਼ੀਆ ਮੰਗ ਸਕਦੇ ਹੋ। ਪਰ ਜੇਕਰ ਤੁਹਾਡੇ ਕੋਲ ਲੀਗਲ ਏਡ ਨਹੀਂ ਹੈ ਤਾਂ ਤੁਹਾਨੂੰ ਆਪ ਪੇਸ਼ਾਵਰ ਦੋ-ਭਾਸ਼ੀਆ ਕਿਰਾਏ 'ਤੇ ਕਰਕੇ ਉਸਨੂੰ ਪੈਸੇ ਦੇਣੇ ਪੈਣਗੇ। ਇਹਨਾਂ ਹਾਲਾਤਾਂ ਵਿੱਚ ਤੁਸੀਂ ਆਪਣੀ ਸਹੇਲੀ ਜਾਂ ਕਮਿਊਨਿਟੀ ਵਰਕਰ ਦੀ ਮਦਦ ਲੈਣ ਬਾਰੇ ਸੋਚ ਸਕਦੇ ਹੋ।

[1]ਇਸਭਾਗ ਦੇ ਕੁੱਝ ਹਿੱਸੇ ਲੀਗਲ ਸਰਵਿਸਿਜ਼ ਸੋਸਾਇਟੀ ਦੇ ਪਰਚੇ 'ਤੁਹਾਨੂੰ ਆਪਣੇ ਲੀਗਲ ਏਡ ਵਰਕਰ ਕੋਲੋਂ ਕੀ ਆਸ ਰੱਖਣੀ ਚਾਹੀਦੀ ਹੈ' ਵਿੱਚੋਂ ਲਏ ਗਏ ਹਨ।

2) ਤੁਹਾਡੇ ਵਕੀਲ ਦੀ ਇਹ ਜ਼ਿਮੇਵਾਰੀ ਬਣਦੀ ਹੈ ਕਿ ਜਿਉਂ ਹੀ ਤੁਹਾਡੇ ਕੇਸ ਨੂੰ ਲੀਗਲ ਏਡ ਦੀ ਪ੍ਰਵਾਨਗੀ ਮਿਲ ਜਾਂਦੀ ਹੈ ਉਹ ਤੁਰੰਤ ਤੁਹਾਨੂੰ ਮਿਲੇ। ਤੁਹਾਡੇ ਵਕੀਲ ਦੀ ਇਹ ਜ਼ਿੰਮੇਵਾਰੀ ਵੀ ਬਣਦੀ ਹੈ ਕਿ ਉਹ ਵਾਜਬ ਸਮੇਂ ਦੇ ਅੰਦਰ ਤੁਹਾਡੇ ਫੋਨਾਂ ਦਾ ਜਵਾਬ ਦੇਵੇ। ਹਰ ਕੇਸ ਲਈ ਵਾਜਬ ਸਮਾਂ ਵੱਖ-ਵੱਖ ਹੁੰਦਾ ਹੈ। ਆਮਤੌਰ 'ਤੇ ਤੁਹਾਡੇ ਵਕੀਲ ਨੂੰ ਦੋ ਤੋਂ ਤਿੰਨ ਦਿਨਾਂ ਦੇ ਅੰਦਰ ਤੁਹਾਨੂੰ ਵਾਪਸ ਫੋਨ ਕਰਨਾ ਚਾਹੀਦਾ ਹੈ। ਪਰ ਨਾਲ ਹੀ ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ ਤੁਹਾਡੇ ਵਕੀਲ ਕੋਲ ਕਈ ਹੋਰ ਕੇਸ ਵੀ ਹਨ। ਅਸਲ ਵਿੱਚ ਉਸਨੂੰ ਵਾਪਸ ਫੋਨ ਕਰਨ ਵਿੱਚ ਇੱਕ ਹਫ਼ਤੇ ਦਾ ਸਮਾਂ ਵੀ ਲੱਗ ਸਕਦਾ ਹੈ। ਜੇਕਰ ਤੁਹਾਨੂੰ ਆਪਣੇ ਵਕੀਲ ਨਾਲ ਗੱਲ ਕਰਨ ਵਿੱਚ ਮੁਸ਼ਕਲ ਆ ਰਹੀ ਹੈ ਤਾਂ ਆਪਣੇ ਕਾਨੂੰਨੀ ਐਡਵੋਕੇਟ ਜਾਂ ਕਮਿਉਨਿਟੀ ਵਰਕਰ(ਭਾਈਚਾਰੇ ਨਾਲ ਕੰਮ ਕਰਨ ਵਾਲੇ ਮੁਲਾਜ਼ਮ) ਨਾਲ ਗੱਲ ਕਰੋ।

---

**ਸੁਝਾਅ** ਤੁਹਾਡਾ ਵਕੀਲ ਅਕਸਰ ਕਈ ਹੋਰ ਕੇਸਾਂ ਵਿੱਚ ਰੁੱਝਿਆ ਹੁੰਦਾ ਹੈ। ਹੋ ਸਕਦਾ ਹੈ ਉਸਦੇ ਦੂਸਰੇ ਕੇਸਾਂ ਵਿੱਚੋਂ ਕੁਝ ਕੇਸਾਂ ਨੂੰ ਤੁਰੰਤ ਉੱਸਦੇ ਧਿਆਨ ਦੀ ਲੋੜ ਹੋਵੇ। ਆਪਣੇ ਵਕੀਲ ਦੀ ਕਾਨੂੰਨੀ ਸਹਾਇਕ (ਲੀਗਲ ਅਸਿਸਟੈਂਟ) ਕੋਲ ਵਿਸਤਾਰ ਵਿੱਚ ਸੁਨੇਹਾ ਛੱਡਣਾ ਲਾਹੇਵੰਦ ਹੋ ਸਕਦਾ ਹੈ। ਜੇਕਰ ਤੁਹਾਡੇ ਕੇਸ ਨਾਲ ਸੰਬੰਧਤ ਤੁਹਾਡਾ ਸਵਾਲ ਕਾਨੂੰਨੀ ਸਵਾਲ ਨਹੀਂ ਹੈ ਤਾਂ ਹੋ ਸਕਦਾ ਹੈ ਕਿ ਕਾਨੂੰਨੀ ਸਹਾਇਕ ਵੀ ਤੁਹਾਨੂੰ ਜਵਾਬ ਦੇ ਸਕੇ।

---

3) ਤੁਹਾਡੇ ਵਕੀਲ ਨੂੰ ਚਾਹੀਦਾ ਹੈ ਕਿ ਉਹ ਤੁਹਾਨੂੰ ਹੇਠ ਲਿਖੀਆਂ ਗੱਲਾਂ ਬਾਰੇ ਜਾਣਕਾਰੀ ਦੇਵੇ:

- ਗੁਪਤਤਾ (ਤੁਹਾਡਾ ਵਕੀਲ ਤੁਹਾਡੀ ਆਗਿਆ ਤੋਂ ਬਿਨਾਂ ਕਿਸੇ ਹੋਰ ਨਾਲ ਤੁਹਾਡੇ ਕੇਸ ਬਾਰੇ ਗੱਲ ਨਹੀਂ ਕਰ ਸਕਦਾ)। ਹੋ ਸਕਦਾ ਹੈ ਕਿ ਤੁਹਾਡਾ ਵਕੀਲ ਗੁਪਤਤਾ ਨੂੰ ਵਿਸ਼ੇਸ ਅਧਿਕਾਰ ਦੱਸੇ।
- ਤੁਹਾਡੇ ਅਤੇ ਤੁਹਾਡੇ ਵਕੀਲ ਦੀ ਜ਼ਿੰਮੇਵਾਰੀ
- ਕਾਨੂੰਨੀ ਕਾਰਵਾਈ ਦੇ ਪੜਾਅ
- ਤੁਹਾਡੀਆਂ ਕਾਨੂੰਨੀ ਚੋਣਾਂ
- ਤੁਸੀਂ ਜੋ ਚਾਹੁੰਦੇ ਹੋ ਉਹ ਮਿਲਣ ਦੀ ਸੰਭਾਵਨਾ
- ਤੁਹਾਡੇ ਕੇਸ ਦੇ ਖ਼ਤਰਿਆਂ ਬਾਰੇ
- ਤੁਹਾਡੇ ਲੀਗਲ ਏਡ ਦੇ ਹਵਾਲਿਆਂ ਦੀਆਂ ਬੰਦਸ਼ਾਂ
- ਤੁਹਾਡੇ ਲੀਗਲ ਏਡ ਨਾਲ ਅਸਲ ਵਿੱਚ ਕਿੰਨਾ ਕੁਝ ਕੀਤਾ ਜਾ ਸਕਦਾ ਹੈ
- ਜੇਕਰ ਤੁਸੀਂ ਆਪਣੇ ਖ਼ਰਚੇ 'ਤੇ ਵਕੀਲ ਕੀਤਾ ਹੈ ਤਾਂ ਤੁਹਾਡੇ ਵਕੀਲ ਨੂੰ ਕਾਨੂੰਨੀ ਪੇਸ਼ਗੀ ਦੇ ਖਰਚੇ ਅਤੇ ਉਸ ਵਿੱਚ ਕਿਹੜੇ ਖਰਚੇ ਸ਼ਾਮਲ ਹਨ, ਬਾਰੇ ਗੱਲ ਕਰਨੀ ਚਾਹੀਦੀ ਹੈ

4) ਤੁਹਾਡੇ ਵਕੀਲ ਨੂੰ ਚਾਹੀਦਾ ਹੈ ਕਿ ਉਹ ਤੁਹਾਡੇ ਨਾਲ ਮਿਲਕੇ ਤੁਹਾਨੂੰ ਦੱਸੇ ਕਿ ਉਹ ਤੁਹਾਡੇ ਕੇਸ ਦੀ ਭਲਾਈ ਲਈ ਕੀ ਕਰੇਗਾ।ਆਪਣੇ ਵਕੀਲ ਨੂੰ ਆਪਣੀਆਂ ਚੋਣਾਂ ਬਾਰੇ ਪੁੱਛੋ। ਆਪਣੇ ਵਕੀਲ ਦੀ ਕਾਨੂੰਨੀ ਸਲਾਹ ਨੂੰ ਸੁਣਨਾ ਜ਼ਰੂਰੀ ਹੈ ਪਰ ਤੁਹਾਡੇ ਵਕੀਲ ਨੂੰ ਤੁਹਾਡੇ ਨਾਲ ਮਿਲਕੇ ਕੰਮ ਕਰਨਾ ਚਾਹੀਦਾ ਹੈ। ਜੇਕਰ ਤੁਹਾਡਾ ਵਕੀਲ ਤੁਹਾਡੀ ਸਲਾਹ ਨਹੀਂ ਮੰਨਣਾ ਚਾਹੁੰਦਾ ਤਾਂ ਉਹਨਾਂ ਨੂੰ ਤੁਹਾਡੀ ਸਲਾਹ ਦੇ ਨਫ਼ੇ ਨੁਕਸਾਨ ਬਾਰੇ ਤੁਹਾਨੂੰ ਦੱਸਣਾ ਚਾਹੀਦਾ ਹੈ।

5) ਹੋ ਸਕਦਾ ਹੈ ਕਿ ਤੁਹਾਡਾ ਵਕੀਲ ਕਈ ਕਾਰਣਾਂ ਕਰਕੇ ਤੁਹਾਡੇ ਨਾਲ ਬਣੀ ਅਪਾਇੰਟਮੈਂਟ 'ਤੇ ਨਾ ਮਿਲ ਸਕੇ। ਜੇਕਰ ਤੁਹਾਡਾ ਵਕੀਲ ਅਪਾਇੰਟਮੈਂਟ 'ਤੇ ਨਹੀਂ ਮਿਲ ਸਕਦਾ ਤਾਂ ਉਸਦੀ ਕਾਨੂੰਨੀ ਸਹਾਇਕ ਨਾਲ ਸੰਪਰਕ ਕਰਕੇ ਨਵੀਂ ਅਪਾਇੰਟਮੈਂਟ ਬਣਾਓ।

---

**ਸੁਝਾਅ** ਵਕੀਲ ਹਮੇਸ਼ਾ ਆਪਣੇ ਦਫ਼ਤਰ ਵਿੱਚ ਨਹੀਂ ਹੁੰਦੇ ਕਿਉਂਕਿ ਉਹ ਅਦਾਲਤਾਂ ਜਾਂ ਮੀਟਿੰਗਾਂ ਵਿੱਚ ਵੀ ਜਾਂਦੇ ਹਨ।ਤੁਹਾਡੀ ਵਕੀਲ ਨਾਲ ਬਹੁਤੀ ਗੱਲ ਬਾਤ ਉਸਦ ਕਾਨੂੰਨੀ ਸਹਾਇਕ ਰਾਹੀਂ ਹੋਵੇਗੀ। ਉਦਾਹਰਣ ਲਈ ਜੇਕਰ ਤੁਸੀਂ ਦੋ-ਭਾਸ਼ੀਆ ਲੈਣ ਜਾਂ ਅਪਾਇੰਟਮੈਂਟ ਬਦਲਣ ਲਈ ਫੋਨ ਕਰਦੇ ਹੋ ਤਾਂ ਹੋ ਸਕਦਾ ਹੈ ਕਿ ਤੁਸੀਂ ਕਾਨੂੰਨੀ ਸਹਾਇਕ ਨਾਲ ਹੀ ਗੱਲ ਕਰੋ। ਜੇਕਰ ਤੁਹਾਡਾ ਕੰਮ ਕਾਨੂੰਨੀ ਸਹਾਇਕ ਨਾਲ ਗੱਲ ਕਰਨ ਨਾਲ ਹੋ ਸਕਦਾ ਹੈ ਤਾਂ ਅਜਿਹਾ ਕਰਨਾ ਹੀ ਬਿਹਤਰ ਹੈ। ਕਾਨੂੰਨੀ ਸਹਾਇਕ ਨਾਲ ਚੰਗੇ ਸੰਬੰਧ ਬਣਾਉਣਾ ਜ਼ਰੂਰੀ ਹੈ ਕਿਉਂਕਿ ਤੁਸੀਂ ਬਹੁਤੀ ਵਾਰ ਉਸ ਨਾਲ ਹੀ ਗੱਲ ਕਰੋਗੇ। ਹੋ ਸਕਦਾ ਹੈ ਕਿ ਤੁਹਾਡੇ ਵਕੀਲ ਦੀ ਕਾਨੂੰਨੀ ਸਹਾਇਕ ਕਈ ਹੋਰ ਕੇਸਾਂ ਵਿੱਚ ਰੁੱਝੀ ਹੋਵੇ, ਇਸਲਈ ਉਸਨੂੰ ਤੁਹਾਨੂੰ ਵਾਪਸ ਫੋਨ ਕਰਨ ਵਿੱਚ ਵੀ ਕੁਝ ਸਮਾਂ ਲੱਗ ਸਕਦਾ ਹੈ।

---

6) ਤੁਹਾਡੇ ਵਕੀਲ ਨੂੰ ਚਾਹੀਦਾ ਹੈ ਕਿ ਉਹ ਯੋਗ ਸਮੇਂ ਵਿੱਚ ਤੁਹਾਡੇ ਕੇਸ ਦਾ ਕੰਮ ਪੂਰਾ ਕਰੇ। ਪਰ ਕਾਨੂੰਨੀ ਪ੍ਰਣਾਲੀ ਵਿੱਚ ਬਹੁਤ ਸਮਾਂ ਲੱਗ ਸਕਦਾ ਹੈ ਅਤੇ ਕਾਨੂੰਨੀ ਕੇਸਾਂ ਵਿੱਚ ਰੋਜ਼ਾਨਾ ਦੇਰੀਆਂ ਹੁੰਦੀਆਂ ਰਹਿੰਦੀਆਂ ਹਨ। ਕਈ ਵਾਰ ਤਾਂ ਇਹ ਦੇਰੀ ਇਸਲਈ ਹੁੰਦੀ ਹੈ ਕਿਉਂਕਿ ਤੁਹਾਡਾ ਵਕੀਲ ਤੁਹਾਡੇ ਸਾਥੀ ਜਾਂ ਪਹਿਲਾਂ ਰਹਿ ਚੁੱਕੇ ਸਾਥੀ ਦੇ ਵਕੀਲ ਤੋਂ ਜਵਾਬ ਦੀ ਉਡੀਕ ਕਰ ਰਿਹਾ ਹੁੰਦਾ ਹੈ।

## ਤੁਹਾਡੀਆਂ ਜ਼ਿੰਮੇਵਾਰੀਆਂ

1) ਆਪਣੇ ਵਕੀਲ ਨੂੰ ਢੁੱਕਵੇਂ ਸਵਾਲ ਪੁੱਛੋ

2) ਜੇਕਰ ਤੁਸੀਂ ਆਪਣੇ ਖ਼ਰਚੇ 'ਤੇ ਵਕੀਲ ਕਰ ਰਹੇ ਹੋ ਤਾਂ ਆਪਣੇ ਖ਼ਰਚੇ ਨੂੰ ਘਟਾਉਣ ਲਈ ਵਕੀਲ ਨੂੰ ਇਹ ਪੁੱਛੋ ਕਿ ਕੇਸ ਨਾਲ ਸੰਬੰਧਤ ਕਿਹੜੇ ਕੰਮ ਕਿਸੇ ਹੋਰ ਤੋਂ ਕਰਵਾਏ ਜਾ ਸਕਦੇ ਹਨ। ਉਦਾਹਰਣ ਲਈ ਤੁਹਾਡੇ ਕੇਸ ਵਿੱਚ ਕੁਝ ਅਜਿਹੀਆਂ ਗੱਲਾਂ ਹੋ ਸਕਦੀਆਂ ਜਿਹਨਾਂ ਲਈ ਕਾਨੂੰਨੀ ਅਡਵੋਕੇਟ (ਲੀਗਲ ਐਡਵੋਕੇਟ) ਜਾਂ ਫੈਮਿਲੀ ਜਸਟਿਸ ਸੈਂਟਰ ਬਿਨਾਂ ਕਿਸੇ ਖ਼ਰਚੇ ਦੇ ਤੁਹਾਡੇ ਲਈ ਕਰ ਸਕਦੀਆਂ ਹਨ। ਤੁਹਾਡੇ ਕੇਸ ਦੀਆਂ ਕੁਝ ਗੱਲਾਂ ਤੁਹਾਡੇ ਵਕੀਲ ਦੀ ਕਾਨੂੰਨੀ ਸਹਾਇਕ ਵੀ ਤੁਹਾਡੇ ਲਈ ਪੂਰੀਆਂ ਕਰ ਸਕਦਾ ਹੈ।

---

**ਯਾਦ ਰੱਖੋ** ਕਈ ਆਵਾਸੀ ਔਰਤਾਂ ਲਈ ਕਹਾਣੀ ਸੁਣਾ ਕੇ ਆਪਣੀ ਗੱਲ ਦੱਸਣਾ ਆਮ ਹੈ। ਜਦੋਂ ਤੁਸੀਂ ਵਕੀਲ ਨੂੰ ਆਪਣੀ ਹਾਲਤ ਬਾਰੇ ਦੱਸਦੇ ਹੋ ਤਾਂ ਨੁਕਤੇ ਬਣਾ ਕੇ ਗੱਲ ਕਰਨਾ ਜ਼ਰੂਰੀ ਹੈ। ਨੁਕਤੇ ਬਣਾਉਣ ਨਾਲ ਤੁਸੀਂ ਆਪਣੀ ਗੱਲ ਥੋੜੇ ਸ਼ਬਦਾਂ ਵਿੱਚ ਕਰ ਲੈਂਦੇ ਹੋ। ਆਪਣੇ ਵਕੀਲ ਨਾਲ ਪਹਿਲੀ ਮੁਲਾਕਾਤ ਤੋਂ ਪਹਿਲਾਂ ਇਸ ਵਰਕਬੁੱਕ ਵਿੱਚ ਦਿੱਤਾ ਜਾਣਕਾਰੀ ਵਾਲਾ ਪਰਚਾ ਭਰ ਕੇ ਲਿਆਓ।

---

3) ਆਪਣੀ ਅਪਾਇੰਟਮੈਂਟ 'ਤੇ ਸਮੇਂ ਸਿਰ ਆਓ। ਜੇਕਰ ਤੁਹਾਨੂੰ ਦੇਰ ਹੋ ਰਹੀ ਹੈ ਜਾਂ ਤੁਸੀਂ ਨਹੀਂ ਆ ਸਕਦੇ ਤਾਂ ਵਕੀਲ ਦੇ ਦਫ਼ਤਰ ਨੂੰ ਫੋਨ ਕਰਕੇ ਦੱਸੋ। ਜੇਕਰ ਤਹਾਨੂੰ ਦੇਰ ਹੋ ਜਾਂਦੀ ਹੈ ਤਾਂ ਹੋ ਸਕਦਾ ਹੈ ਕਿ ਤੁਹਾਡਾ ਵਕੀਲ ਤੁਹਾਨੂੰ ਪੂਰੇ ਸਮੇਂ ਲਈ ਨਾ ਮਿਲ ਸਕੇ ਕਿਉਂਕਿ ਹੋ ਸਕਦਾ ਹੈ ਉਹਨਾਂ ਨੇ ਤੁਹਾਡੇ ਤੋਂ ਬਾਅਦ ਹੋਰ ਲੋਕਾਂ ਨੂੰ ਮਿਲਣਾ ਹੋਵੇ। ਜੇਕਰ ਤੁਸੀਂ ਆਪਣੀ ਅਪਾਇੰਮੈਂਟ ਰੱਦ ਕਰਦੇ ਹੋ ਤਾਂ ਤੁਰੰਤ ਹੀ ਨਵੀਂ ਅਪਾਇੰਟਮੈਂਟ ਬਣਾ ਲਓ। ਇਹ ਗੱਲ ਯਾਦ ਰੱਖੋ ਕਿ ਵਕੀਲਾਂ ਆਪਣੇ ਕੰਮ ਵਿੱਚ ਬਹੁਤ ਹੀ ਰੁੱਝੇ ਹੁੰਦੇ ਹਨ ਅਤੇ ਹੋ ਸਕਦਾ ਹੈ ਉਹ ਤੁਹਾਨੂੰ ਛੇਤੀ ਮਿਲਣ ਦੀ ਅਪਾਇੰਟਮੈਂਟ ਨਾ ਦੇ ਸਕਣ।

---

**ਸੁਝਾਅ** ਜੇਕਰ ਤੁਸੀਂ ਇੱਕਲੇ ਆਪਣੀ ਅਪਾਇਟੰਮੈਂਟ 'ਤੇ ਜਾਣ ਤੋਂ ਘਬਰਾਉਂਦੇ ਹੋ ਤਾਂ ਆਪਣੀ ਸਹੇਲੀ ਜਾਂ ਕਮਿਉਨਿਟੀ ਵਰਕਰ ਨੂੰ ਸਹਾਰੇ ਲਈ ਨਾਲ ਲਿਜਾਣਾ ਚੰਗੀ ਗੱਲ ਹੈ। ਜਦੋਂ ਤੁਸੀਂ ਵਕੀਲ ਨੂੰ ਮਿਲਣ ਲਈ ਜਾਂਦੇ ਹੋ ਤਾਂ ਹੋ ਸਕਦਾ ਹੈ ਤੁਹਾਨੂੰ ਸਹਾਰਾ ਦੇਣ ਨੂੰ ਬਾਹਰ ਬੈਠਣਾ ਪਵੇ। ਜੇਕਰ ਤੁਹਾਡਾ ਸਹਾਰਾ ਦੇਣ ਆਏ ਵਿਅਕਤੀ ਨੂੰ ਅੰਦਰ ਲੈਕੇ ਆਉਣ ਦੀ ਆਗਿਆ ਦੇ ਦਿੰਦਾ ਹੈ ਤਾਂ ਤੁਸੀਂ ਉਸ ਸੈਸ਼ਨ ਲਈ ਵਕੀਲ ਨਾਲ ਕੀਤਾ ਗੁਪਤਤਾ ਦਾ ਇਕਰਾਰ ਤੋੜ ਦਿੰਦੇ ਹੋ। ਕਚਿਹਿਰੀ ਜਾਣ ਲੱਗੇ ਕਿਸੇ ਨੂੰ ਨਾਲ ਲੈਕੇ ਜਾਣਾ ਹਮੇਸ਼ਾ ਹੀ ਚੰਗੀ ਗੱਲ ਹੁੰਦਾ ਹੈ।

---

4) ਆਪਣੇ ਵਕੀਲ ਦੀ ਕਾਨੂੰਨੀ ਸਹਾਇਕ ਨੂੰ ਪੁੱਛੋ ਕਿ ਜੇਕਰ ਤੁਸੀਂ ਆਪਣੀ ਅਪਾਇੰਟਮੈਂਟ 'ਤੇ ਆਪਣੇ ਬੱਚਿਆਂ ਨੂੰ ਨਾਲ ਲਿਆ ਸਕਦੇ ਹੋ। ਜੇਕਰ ਉਹ ਮਨ੍ਹਾਂ ਕਰ ਦਿੰਦੇ ਹਨ ਤਾਂ ਆਪਣੇ ਬੱਚਿਆਂ ਦੀ ਦੇਖਭਾਲ ਲਈ ਕਿਸੇ ਦਾ ਪ੍ਰਬੰਧ ਕਰੋ।

5) ਰੋਜ਼ਾਨਾ ਦੀਆਂ ਘਟਨਾਵਾਂ ਦਾ ਵੇਰਵਾ ਲਿਖਣਾ ਬਹੁਤ ਜ਼ਰੂਰੀ ਹੈ। ਸਾਰੀਆਂ ਗੱਲਾਂ ਲਿਖੋ। ਇਸ ਵਿੱਚ ਵਕੀਲ ਨਾਲ ਕੀਤੀਆਂ ਮੀਟਿੰਗਾਂ, ਕੀ ਕੁਝ ਕਿਹਾ ਗਿਆ ਅਤੇ ਹੁਣ ਅੱਗੇ ਕੀ ਕਰਨਾ ਹੈ।ਇਸ ਕਿਤਾਬਚੇ ਦੇ ਵਰਕਬੁੱਕ ਦੇ ਭਾਗ ਵਿੱਚ ਜਾ ਕੇ ਦੇਖੋ ਕਿ ਸਾਰਾ ਕੁਝ ਕਿਵੇਂ ਲਿਖਣਾ ਹੈ।

6) ਆਪਣੇ ਦਸਤਾਵੇਜ਼ਾਂ ਨੂੰ ਸਾਂਭ ਕੇ ਰੱਖੋ। ਇਹ ਬਹੁਤ ਜ਼ਰੂਰੀ ਹੈ ਅਤੇ ਇਸ ਤਰ੍ਹਾਂ ਕਰਨ ਨਾਲ ਤੁਹਾਡਾ ਬਹੁਤ ਸਾਰਾ ਸਮਾਂ ਬਚੇਗਾ। ਇਸ ਕਿਤਾਬਚੇ ਦੇ ਵਰਕਬੁੱਕ ਵਾਲੇ ਭਾਗ ਵਿੱਚ ਜਾਕੇ ਦੇਖੋ ਕਿ ਦਸਤਾਵੇਜ਼ਾਂ ਨੂੰ ਕਿਵੇਂ ਸਾਂਭ ਕੇ ਰੱਖਣਾ ਹੈ।

**ਸੁਝਾਅ** ਕਈ ਵਾਰ ਤੁਹਾਡਾ ਵਕੀਲ ਜਾਂ ਕੋਈ ਹੋਰ ਕਾਨੂੰਨੀ ਮਾਹਿਰ ਅਜਿਹੀ ਕਾਨੂੰਨੀ ਸ਼ਬਦਾਂ ਦੀ ਵਰਤੋਂ ਕਰ ਸਕਦੇ ਹਨ ਜਿਹਨਾਂ ਬਾਰੇ ਤੁਹਾਨੂੰ ਪਤਾ ਨਾ ਹੋਵੇ। ਜੇਕਰ ਤੁਹਾਨੂੰ ਕਿਸੇ ਸ਼ਬਦ ਦੀ ਸਮਝ ਨਹੀਂ ਆਉਂਦੀ ਤਾਂ ਕ੍ਰਿਪਾ ਕਰਕੇ ਉਸ ਵਿਅਕਤੀ ਨੂੰ ਉਸ ਸ਼ਬਦ ਦਾ ਅਰਥ ਸਮਝਾਉਣ ਲਈ ਕਹਜਾਂ ਤੁਸੀਂ ਉਹਨਾਂ ਤੋਂ ਉਹ ਸ਼ਬਦ ਲਿਖਵਾ ਲਓ ਅਤੇ ਬਾਅਦ ਵਿੱਚ ਆਪਣੇ ਕਮਿਉਨਿਟੀ ਵਰਕਰ, ਕਾਨੂੰਨੀ ਐਡਵੋਕੇਟ ਜਾਂ ਵਕੀਲ ਤੋਂ ਉਸ ਸ਼ਬਦ ਦਾ ਅਰਥ ਸਮਝ ਲਓ।

7) ਤੁਹਾਡਾ ਵਕੀਲ ਤੁਹਾਨੂੰ ਜੋ ਕੰਮ ਕਰਨ ਲਈ ਕਹਿੰਦਾ ਹੈ ਉਸ ਕੰਮ ਨੂੰ ਸਮੇਂ ਸਿਰ ਕਰੋ।

8) ਆਪਣੇ ਵਕੀਲ ਨਾਲ ਖੁੱਲ ਕੇ ਗੱਲ ਕਰਨੀ ਜ਼ਰੂਰੀ ਹੈ। ਤੁਸੀਂ ਵਕੀਲ ਮਿਲਣ ਲਈ ਐਨੇ ਸ਼ੁਕਰਗੁਜ਼ਾਰ ਹੋ ਸਕਦੇ ਹੋ ਕਿ ਤੁਸੀਂ ਉਸ ਨਾਲ ਖੁੱਲ ਕੇ ਗੱਲ ਨਾ ਕਰਨਾ ਚਾਹੋ, ਸ਼ਰਮਾਉਂਦੇ ਹੋਵੋ ਜਾਂ ਆਪਣੀ ਗੱਲ ਉਸ ਅੱਗੇ ਕਰਨਾ ਤੁਹਾਨੂੰ ਚੰਗਾ ਨਾ ਲੱਗੇ।

**ਯਾਦ ਰੱਖੋ** ਤੁਹਾਡੇ ਵਕੀਲ ਨੂੰ ਇਹ ਪਤਾ ਹੋਣਾ ਜ਼ਰੂਰੀ ਹੈ ਕਿ ਤੁਸੀਂ ਕੀ ਚਾਹੁੰਦੇ ਹੋ ਤਾਂ ਜੋ ਉਹ ਤੁਹਾਡੇ ਲਈ ਵਧੀਆ ਕੰਮ ਕਰ ਸਕੇ। ਜੇਕਰ ਤੁਸੀਂ ਨਹੀਂ ਜਾਣਦੇ ਕਿ ਤੁਸੀਂ ਕੀ ਚਾਹੁੰਦੇ ਹੋ ਤਾਂ ਤੁਸੀਂ ਆਪਣੇ ਵਕੀਲ ਨੂੰ ਪੁੱਛ ਸਕਦੇ ਹੋ ਕਿ ਤੁਹਾਡੇ ਕੋਲ ਕਿਹੜੇ ਕਾਨੂੰਨੀ ਰਾਹ ਹਨ। ਵਕੀਲ ਨਾਲ ਚੰਗਾ ਕੰਮ ਕਾਜੀ ਰਿਸ਼ਤਾ ਬਣਾਉਣ ਲਈ ਜ਼ਰੂਰੀ ਹੈ ਕਿ ਅਪਾਇੰਟਮੈਂਟ ਤੋਂ ਪਹਿਲਾਂ ਆਪਣੇ ਸਵਾਲ ਤਿਆਰ ਕਰ ਲਓ।

9) ਆਪਣੇ ਵਕੀਲ ਨਾਲ ਪਹਿਲੀ ਅਪਾਇੰਟਮੈਂਟ ਤੋਂ ਪਹਿਲਾਂ ਉਸਨੂੰ ਪੁੱਛ ਲਓ ਕਿ ਤੁਹਾਨੂੰ ਕਿਹੜੇ ਕਾਗਜ਼ ਲਿਆਉਣੇ ਚਾਹੀਦੇ ਹਨ। ਆਪਣੇ ਕਮਿਉਨਿਟੀ ਵਰਕਰ ਨਾਲ ਮਿਲਕੇ ਲਿਖਤੀ ਬਿਆਨ ਤਿਆਰ ਕਰ ਲਓ। ਆਪਣੇ ਸਵਾਲਾਂ ਦੀ ਸੂਚੀ ਤਿਆਰ ਕਰੋ ਅਤੇ ਆਪਣੇ ਨਾਲ ਪਹਿਲੀ ਅਪਾਇੰਟਮੈਂਟ 'ਤੇ ਲੈਕੇ ਜਾਓ। ਇਸ ਲਈ ਤੁਹਾਡਾ ਕਾਨੂੰਨੀ ਐਡਵੋਕੇਟ ਵੀ ਤੁਹਾਡੀ ਮਦਦ ਕਰ ਸਕਦਾ ਹੈ।

ਤੁਹਾਡੇ ਵਕੀਲ ਕੋਲ ਤੁਹਾਡੇ ਲਈ ਸੀਮਤ ਸਮਾਂ ਹੁੰਦਾ ਹੈ ਇਸਲਈ ਜ਼ਰੂਰੀ ਹੈ ਕਿ ਉਸ ਸਮੇਂ ਦੀ ਸਹੀ ਵਰਤੋਂ ਕੀਤੀ ਜਾਵੇ। ਉਦਾਹਰਣ ਲਈ, ਕੋਸ਼ਿਸ਼ ਕਰੋ ਕਿ ਤੁਸੀਂ ਕੋਈ ਵੀ ਸਵਾਲ ਪੁੱਛਣ ਲਈ ਬਾਰ ਬਾਰ ਫੋਨ ਨਾ ਕਰੋ। ਪਰ ਜੇਕਰ ਤੁਹਾਡੇ ਕੇਸ ਸੰਬੰਧੀ ਕੋਈ ਬਹੁਤ ਜ਼ਰੂਰੀ ਘਟਨਾ ਵਾਪਰਦੀ ਹੈ ਤਾਂ ਵਕੀਲ ਨੂੰ ਤੁਰੰਤ ਫੋਨ ਕਰਨਾ ਲਾਜ਼ਮੀ ਹੁੰਦਾ ਹੈ।

**ਸੁਝਾਅ** ਵਕੀਲ ਨਾਲ ਆਪਣੀ ਪਹਿਲੀ ਮੁਲਾਕਾਤ ਸਮੇਂ ਉਸ ਨਾਲ ਗੱਲ ਕਰ ਲਓ ਕਿ ਤੁਹਾਨੂੰ ਕਿਹੜੇ ਹਾਲਾਤਾਂ ਵਿੱਚ ਉਸਨੂੰ ਝੱਟ ਫੋਨ ਕਰਨਾ ਚਾਹੀਦਾ ਹੈ। ਆਪਣੇ ਵਕੀਲ ਨਾਲ ਗੱਲ ਬਾਤ ਕਰਨ ਦੀ ਯੋਜਨਾ ਬਣਾਉਣਾ ਇੱਕ ਚੰਗੀ ਗੱਲ ਹੋਵੇਗੀ ਤਾਂ ਜੋ ਤੁਹਾਨੂੰ ਪਤਾ ਹੋਵੇ ਕਿ ਤੁਹਾਡਾ ਕੇਸ ਠੀਕ ਰਾਹ 'ਤੇ ਹੈ।

10) ਲੀਗਲ ਏਡ ਦੇ ਵਕੀਲ ਨਾਲ ਕੰਮ ਕਰ ਰਹੀਆਂ ਔਰਤਾਂ ਲਈ ਇਹ ਬੜੀ ਆਮ ਗੱਲ ਹੁੰਦੀ ਹੈ ਕਿ ਉਹਨਾਂ ਨੂੰ ਪਤਾ ਨਹੀਂ ਹੁੰਦਾ ਕਿ ਵਕੀਲ ਕੋਲ ਉਹਨਾਂ ਲਈ ਕਿੰਨੇ ਘੰਟੇ ਹਨ। ਕਈ ਵਾਰ ਤੁਹਾਨੂੰ ਇਹ ਨਹੀਂ ਪਤਾ ਹੁੰਦਾ ਹੈ ਕਿ ਤੁਹਾਡਾ ਵਕੀਲ ਤੁਹਾਡੇ ਕੇਸ ਲਈ ਕੀ ਕੁਝ ਕਰ ਰਿਹਾ ਹੈ ਅਤੇ ਉਸ ਨੂੰ ਕਿੰਨਾ ਸਮਾਂ ਲੱਗ ਸਕਦਾ ਹੈ। ਇਹ ਜ਼ਰੂਰੀ ਹੈ ਕਿ ਤੁਸੀਂ ਆਪਣੇ ਲੀਗਲ ਏਡ ਦੇ ਸਮਝੌਤੇ ਜਾਂ ਆਪਣੀ ਕਾਨੂੰਨੀ ਪੇਸ਼ਗੀ ਦੀਆਂ ਸ਼ਰਤਾਂ ਬਾਰੇ ਆਪਣੇ ਵਕੀਲ ਨਾਲ ਗੱਲ ਕਰਕੇ ਪਤਾ ਕਰ ਲਓ ਕਿ ਤੁਹਾਡੇ ਸਮਝੌਤੇ ਵਿੱਚ ਕੀ ਕੁਝ ਕੀਤਾ ਜਾਣਾ ਹੈ।

11) ਕਈ ਵਾਰ ਹੋ ਸਕਦਾ ਹੈ ਕਿ ਤੁਸੀਂ ਆਪਣੇ ਵਕੀਲ ਨਾਲ ਆਪਣੀਆਂ ਭਾਵਨਾਵਾਂ ਬਾਰੇ ਹੋਰ ਗੱਲ ਕਰਨਾ ਚਾਹੁੰਦੇ ਹੋਵੋ। ਪਰ ਤੁਹਾਡਾ ਵਕੀਲ ਤੁਹਾਡੀਆਂ ਭਾਵਨਾਵਾਂ ਨੂੰ ਸੁਣਨ ਵਿੱਚ ਮਦਦ ਨਹੀਂ ਕਰ ਸਕਦਾ। ਇਸਲਈ ਇਹ ਜ਼ਰੂਰੀ ਹੈ ਕਿ ਤੁਸੀਂ ਆਪਣੀਆਂ ਭਾਵਨਾਵਾਂ ਨੂੰ ਸਹਾਰਾ ਦੇਣ ਲਈ ਭਾਈਚਾਰੇ ਦਾ ਕੋਈ ਮਾਹਿਰ ਲੱਭੋ। ਸਹਾਇਤਾ ਲਈ ਆਪਣੇ ਇਲਾਕੇ ਦੀ ਭਾਈਚਾਰਕ ਸੰਸਥਾ ਲੱਭਣ ਲਈ ਇਸ ਕਿਤਾਬਚੇ ਦਾ ਸਰੋਤਾਂ ਵਾਲਾ ਭਾਗ ਵੇਖੋ।

# ਵਰਕਬੁੱਕ

ਇਸ ਭਾਗ ਵਿੱਚ ਤੁਸੀਂ ਆਪਣੇ ਕਾਨੂੰਨੀ ਕੇਸ ਦੀ ਮਦਦ ਲਈ ਤਿੰਨ ਢੰਗਾਂ ਬਾਰੇ ਸਿੱਖੋਗੇ।

## 1) ਆਪਣੇ ਦਸਤਾਵੇਜ਼ਾਂ ਨੂੰ ਤਰਤੀਬ ਵਿੱਚ ਰੱਖੋ: ਲੜੀਵਾਰ ਗਾਈਡ

ਜਦੋਂ ਤੁਸੀਂ ਕਾਨੂੰਨੀ ਪ੍ਰਣਾਲੀ ਨਾਲ ਕੰਮ ਕਰਦੇ ਹੋ ਤਾਂ ਤੁਹਾਨੂੰ ਬਹੁਤ ਸਾਰੇ ਦਸਤਾਵੇਜ਼ ਮਿਲਣਗੇ। ਜੇਕਰ ਤੁਸੀਂ ਉਹਨਾਂ ਨੂੰ ਤਰਤੀਬ ਵਿੱਚ ਨਹੀਂ ਰੱਖਦੇ ਤਾਂ ਤੁਹਾਡਾ ਬਹੁਤ ਸਮਾਂ ਖਰਾਬ ਹੋਵੇਗਾ। ਆਪਣੇ ਵਕੀਲ ਕੋਲ ਕਾਗਜ਼ਾਂ ਦਾ ਭਰਿਆ ਡੱਬਾ ਲੈਕੇ ਜਾਣਾ ਚੰਗਾ ਨਹੀਂ ਲੱਗਦਾ ਹੋ।

---

**ਯਾਦ ਰੱਖੋ** ਮਿਲਣ ਵਾਲਾ ਹਰ ਕਾਗਜ਼ ਸਾਂਭ ਕੇ ਰੱਖੋ। ਹੋ ਸਕਦਾ ਤੁਹਾਨੂੰ ਬਾਅਦ ਵਿੱਚ ਉਹ ਚਾਹੀਦਾ ਹੋਵੇ! ਜੇਕਰ ਤੁਹਾਨੂੰ ਇਸ ਬਾਰੇ ਹੋਰ ਜਾਣਕਾਰੀ ਚਾਹੀਦੀ ਹੈ ਕਿ ਤੁਸੀਂ ਕਿਹੜਾ ਕਾਗਜ਼ ਰੱਖਣਾ ਹੈ ਤਾਂ ਆਪਣੇ ਵਕੀਲ ਜਾਂ ਕਾਨੂੰਨੀ ਐਡਵੋਕੇਟ ਨੂੰ ਪੁੱਛੋ। ਸਾਂਭ ਕੇ ਰੱਖਣ ਵਾਲੇ ਕਾਗਜ਼ਾਂ ਦੀਆਂ ਕੁਝ ਕੁ ਉਦਾਹਰਣਾਂ ਇਸ ਤਰ੍ਹਾਂ ਹਨ:

- ਚਿੱਠੀਆਂ
- ਰਸੀਦਾਂ
- ਬੈਂਕ ਦੀਆਂ ਚਿੱਠੀਆਂ
- ਸਾਰੇ ਪੈਸਿਆਂ ਦਾ ਹਿਸਾਬ
- ਡਾਕਟਰੀ/ਦਵਾਈਆਂ ਦੀਆਂ ਰਸੀਦਾਂ
- ਅਦਾਲਤ ਦੇ ਕਾਗਜ਼
- ਪੁਲਿਸ ਕੇਸ ਸੰਬੰਧੀ ਸਾਰੇ ਕਾਗਜ਼
- ਦਫ਼ਤਰੀ ਦਸਤਾਵੇਜ਼ਾਂ ਦੀ ਅਸਲ ਕਾਪੀ ਜਿਵੇਂ ਕਿ ਵਿਆਹ ਦਾ ਸਬੂਤ, ਜਨਮ ਦਾ ਸਬੂਤ, ਆਵਾਸ (ਇਮੀਗਰੇਸ਼ਨ) ਦੇ ਕਾਗਜ਼ ਅਤੇ ਇਸੇ ਤਰ੍ਹਾਂ ਦੇ ਹੋਰ ਕਾਗਜ਼

---

ਜੇਕਰ ਤੁਸੀਂ ਆਪਣੀਆਂ ਅਪਾਇੰਟਮੈਂਟਾ 'ਤੇ ਸਾਰੇ ਕਾਗਜ਼ਾਂ ਤਰਤੀਬਵਾਰ ਕਰਕੇ ਲਿਆਉਂਦੇ ਹੋ ਤਾਂ ਤੁਹਾਡੇ ਵਕੀਲ ਅਤੇ ਐਡਵੋਕੇਟਾਂ ਦਾ ਬਹੁਤ ਸਾਰਾ ਸਮਾਂ ਬਚੇਗਾ। ਯਾਦ ਰੱਖੋ: ਵਕੀਲ ਲਈ ਸਮਾਂ ਪੈਸਾ ਹੈ। ਇਸਲਈ ਤੁਸੀਂ ਆਪਣੇ ਸਮੇਂ ਦੀ ਸਹੀ ਵਰਤੋਂ ਕਰਨਾ ਚਾਹੋਗੇ। ਅੱਗੇ ਅਸੀਂ ਗੱਲ ਕਰਾਂਗੇ ਕਿ ਤੁਸੀਂ ਆਪਣੇ ਕਾਗਜ਼ ਤਰਤੀਬਵਾਰ ਕਿਵੇਂ ਸਾਂਭਣੇ ਹਨ।

## ਆਪਣੇ ਕਾਗਜ਼ਾਂ ਨੂੰ ਕਿਵੇਂ ਸਾਂਭ ਕੇ ਰੱਖਣਾ ਹੈ

ਆਪਣੇ ਕਾਗਜ਼ਾਂ ਨੂੰ ਸਾਂਭ ਕੇ ਰੱਖਣ ਲਈ ਉਹਨਾਂ ਨੂੰ ਫਾਈਲਾਂ ਵਿੱਚ ਰੱਖਣਾ ਚਾਹੀਦਾ ਹੈ। ਕਾਗਜ਼ਾਂ ਨੂੰ ਸਾਂਭ ਕੇ ਰੱਖਣ ਲਈ ਤੁਹਾਨੂੰ ਕਾਗਜ਼ ਦੇ ਬਣੇ ਫੋਲਡਰ,(ਫਾਈਲਿੰਗ ਫੋਲਡਰ) ਡੱਬਿਆਂ (ਫਾਈਲਿੰਗ ਬਾੱਕਸ) ਅਤੇ ਛੋਟੀ ਜਿਹੀ ਕਾਪੀ ਦੀ ਲੋੜ ਹੋਵੇਗੀ।



1 ਫਾਈਲਿੰਗ ਬਾੱਕਸ ਅਤੇ ਫਾਈਲਿੰਗ ਫੋਲਡਰ ਖਰੀਦੋ। ਇਹ ਚੀਜ਼ਾਂ ਤੁਹਾਨੂੰ ਦਫ਼ਤਰੀ ਸਮਾਨ ਵੇਚਣ ਵਾਲੀ ਦੁਕਾਨ ਤੋਂ ਮਿਲ ਜਾਣਗੀਆਂ।



2 ਫਾਈਲਿੰਗ ਫੋਲਡਰ ‘ਤੇ ਲਿਖੋ ਕਿ ਉਹ ਫੋਲਡਰ ਕਿਸ ਲਈ ਹੈ। ਉਦਾਹਰਣ ਲਈ ਤੁਸੀਂ ਬੱਚਿਆਂ ਦੀ ਨਿਗਰਾਨੀ ਅਤੇ ਪਹੁੰਚ, ਵਕੀਲ , ਸਕੂਲ ਦੇ ਕਾਗਜ਼ਾਂ ਲਈ ਫੋਲਡਰ ਲਾ ਸਕਦੇ ਹੋ। ਹਰ ਜ਼ਰੂਰੀ ਕਾਗਜ਼ ਲਈ ਵੀ ਫੋਲਡਰ ਲਾਓ।




3 ਜਿਵੇਂ -ਜਿਵੇਂ ਤੁਹਾਨੂੰ ਕਾਗਜ਼ ਮਿਲਦੇ ਹਨ ਉਸੇ ਤਰ੍ਹਾਂ ਹੀ ਫੋਲਡਰਾਂ ਵਿੱਚ ਰੱਖਦੇ ਜਾਓ।



4 ਫਾਈਲ ਵਿੱਚ ਰੱਖਣ ਵਾਲੇ ਹਰ ਕਾਗਜ਼ ‘ਤੇ ਨੰਬਰ ਲਿਖੋ। ਇਹ ਨੰਬਰ ਅਤੇ ਫੋਲਡਰ ਦਾ ਨਾਮ ਆਪਣੀ ਕਾਗਜ਼ਾਂ ਦੀ ਸੂਚੀ ਵਿੱਚ ਲਿਖੋ। ਇਸ ਤਰ੍ਹਾਂ ਜਦੋਂ ਤੁਹਾਨੂੰ ਕੋਈ ਕਾਗਜ਼ ਚਾਹੀਦਾ ਹੋਵੇਗਾ ਤਾਂ ਉਹ ਛੇਤੀ ਮਿਲ ਜਾਵੇਗਾ।



5 ਕਾਗਜ਼ ਫਾਈਲ ਵਿੱਚ ਰੱਖਣ ਤੋਂ ਬਾਅਦ ਆਪਣੀ ਕਾਪੀ ਵਿੱਚ ਇਹਨਾਂ ਦੀ ਸੂਚੀ ਬਣਾਓ।ਫਾਈਲ ਵਿੱਚ ਰੱਖੇ ਆਪਣੇ ਕਾਗਜ਼ਾਂ ਦੀ ਸੂਚੀ ਬਣਾਉਣ ਲਈ ਅਗਲੇ ਵਰਕੇ ‘ਤੇ ਦਿੱਤੀ ਉਦਾਹਰਣ ਵੇਖੋ।



6 ਜਦੋਂ ਤੁਸੀਂ ਆਪਣੇ ਕਾਗਜ਼ ਫਾਈਲ ਵਿੱਚ ਰੱਖਦੇ ਹੋ ਤਾਂ ਉਹਨਾਂ ਨੂੰ ਉਸੇ ਤਰਤੀਬ ਵਿੱਚ ਰੱਖੋ ਜਿਵੇਂ ਉਹਨਾਂ ਨੂੰ ਤੁਸੀਂ ਆਪਣੀ ਕਾਪੀ ਵਿੱਚ ਰੱਖਿਆ ਹੈ।

ਆਪਣੇ ਕਾਗਜ਼ਾਂ ਦੀ ਸੂਚੀ ਬਣਾਉਣ ਲਈ ਅਗਲੇ ਵਰਕੇ ‘ਤੇ ਬਣਿਆ ਖਾਕਾ ਵਰਤੋ। ਇਸ ਨਾਲ ਤੁਹਾਡੇ ਕੋਲ ਆਪਣੇ ਕਾਗਜ਼ਾਂ ਦੀ ਲਿਖਤੀ ਸੂਚੀ ਹੋਵੇਗੀ। ਇਸ ਨਾਲ ਤੁਸੀਂ ਆਪਣੇ ਕਾਗਜ਼ ਛੇਤੀ ਵੀ ਲੱਭ ਸਕੋਗੇ।

## ਕਾਗਜਾਂ ਦੀ ਸੂਚੀ:

| ਲੜੀ ਨੰਬਰ | ਤਾਰੀਖ਼ | ਕਿਸਨੂੰ ਭੇਜੇ | ਕਿੱਥੋਂ ਭੇਜੇ | ਕਾਗਜ਼ਾਂ ਵਿਚਲੀ ਜਾਣਕਾਰੀ |
|---|---|---|---|---|
| | | | | |
| | | | | |
| | | | | |
| | | | | |
| | | | | |
| | | | | |
| | | | | |
| | | | | |
| | | | | |
| | | | | |
| | | | | |
| | | | | |
| | | | | |
| | | | | |
| | | | | |
| | | | | |
| | | | | |
| | | | | |
| | | | | |
| | | | | |
| | | | | |
| | | | | |
| | | | | |
| | | | | |
| | | | | |
| | | | | |
| | | | | |
| | | | | |
| | | | | |
| | | | | |
| | | | | |
| | | | | |
| | | | | |
| | | | | |
| | | | | |
| | | | | |
| | | | | |

## 2) ਮੀਟਿੰਗਾਂ ਅਤੇ ਘਟਨਾਵਾਂ ਦਾ ਵੇਰਵਾ

ਹਰ ਚੀਜ਼ ਲਿਖ ਕੇ ਰੱਖਣਾ ਬਹੁਤ ਜ਼ਰੂਰੀ ਹੈ। ਇਹ ਤੁਹਾਡੇ ਕੇਸ ਅਤੇ ਹਾਲਤ ਲਈ ਬੜਾ ਹੀ ਮਜ਼ਬੂਤ ਦਸਤਾਵੇਜ਼ ਅਤੇ ਸਮੇਂ ਦਾ ਗਵਾਹ ਹੈ।

ਹੇਠ ਲਿਖੀਆਂ ਚੀਜ਼ਾਂ ਦਾ ਵੇਰਵਾ ਲਿਖੋ:

- ਆਪਣੇ ਵਕੀਲ ਨਾਲ ਫੋਨ ਅਤੇ ਮੀਟਿੰਗਾਂ ਦੌਰਾਨ ਹੋਈਆਂ ਗੱਲਾਂ
- ਅਦਾਲਤਾਂ ਦੀ ਤਾਰੀਖ਼
- ਹੋਰ ਕਾਨੂੰਨੀ ਮਾਹਿਰਾਂ ਨਾਲ ਮੀਟਿੰਗ
- ਆਪਣੇ ਕਮਿਊਨਿਟੀ ਵਰਕਰ ਅਤੇ ਕਾਨੂੰਨੀ ਐਡਵੋਕੇਟ ਨਾਲ ਕੀਤੀਆਂ ਅਪਾਇੰਟਮੈਂਟਾਂ
- ਆਪਣੇ ਸਾਥੀ ਜਾਂ ਪਹਿਲਾਂ ਰਹਿ ਚੁੱਕੇ ਸਾਥੀ ਨਾਲ ਹੋਈ ਗੱਲ-ਬਾਤ
- ਉਹ ਸਭ ਕੁਝ ਜੋ ਤੁਸੀਂ ਜ਼ਰੂਰੀ ਸਮਝਦੇ ਹੋ

---

**ਸੁਝਾਅ** ਜਦੋਂ ਤੁਸੀਂ ਕਿਸੇ ਕਾਨੂੰਨੀ ਮਾਹਿਰ ਜਾਂ ਕਮਿਊਨਿਟੀ ਵਰਕਰ ਨੂੰ ਮਿਲਦੇ ਹੋ ਤਾਂ ਉਹਨਾਂ ਦਾ ਬਿਜ਼ਨਿਸ ਕਾਰਡ ਲੈਣਾ ਵਧੀਆ ਗੱਲ ਹੈ। ਜੇਕਰ ਤੁਹਾਨੂੰ ਅੱਗੇ ਜਾਕੇ ਇਹਨਾਂ ਦੇ ਨਾਮ ਲਿਖਣੇ ਜਾਂ ਯਾਦ ਕਰਨੇ ਪਏ ਤਾਂ ਸੌਖਾ ਰਹੇਗਾ। ਤੁਸੀਂ ਇਹਨਾਂ ਕਾਰਡਾਂ ਨੂੰ ਆਪਣੀ ਕਾਪੀ ਨਾਲ ਨੱਥੀ ਕਰਕੇ ਰੱਖ ਸਕਦੇ ਹੋ।

---

ਆਪਣੀ ਕਾਪੀ ਵਿੱਚ ਵੇਰਵੇ ਲਿਖਣ ਲਈ ਤੁਸੀਂ ਹੇਠ ਲਿਖੀਆਂ ਗੱਲਾਂ ਦੀ ਉਦਾਹਰਣ ਲੈ ਸਕਦੇ ਹੋ:

ਤਾਰੀਖ਼: ____________________

ਤੁਸੀਂ ਕਿਸਨੂੰ ਮਿਲੇ ਸੀ: ____________________

ਸੰਪਰਕ ਕਰਨ ਲਈ ਜਾਣਕਾਰੀ: ____________________

____________________

____________________

ਇਹ ਘਟਨਾ ਕਿੱਥੇ ਵਾਪਰੀ: ____________________

____________________

ਕਿਹੜੀਆਂ ਗੱਲਾਂ ਕੀਤੀਆਂ ਗਈਆਂ (ਨੁਕਤੇ ਬਣਾ ਕੇ ਲਿਖੋ): ____________________

____________________

____________________

____________________

____________________

____________________

## 3) ਜਾਣਕਾਰੀ ਲਈ ਪਰਚਾ

ਇਹ ਪਰਚਾ ਵਕੀਲ ਨਾਲ ਤੁਹਾਡੀ ਪਹਿਲੀ ਮੀਟਿੰਗ ਵੇਲੇ ਸਿਰਫ਼ ਤੁਹਾਡੀ ਸਹਾਇਤਾ ਲਈ ਹੈ। ਇਹ ਪਰਚਾ ਵਕੀਲ ਨੂੰ ਦੇਣ ਦੀ ਲੋੜ ਨਹੀਂ ਹੈ। ਇਹ ਪਰਚਾ ਕਮਿਉਨਿਟੀ ਲੀਗਲ ਅਸਿਸਟੈਂਸ ਸੋਸਾਇਟੀ ਦੀ 'ਏ ਗਾਈਡ ਫਾਰ ਏ ਸਕਸੈਸਫੁੱਲ ਇੰਟਰਵਿਊ ਵਿਦ ਏ ਲੱਆਰ' ਨਾਮਕ ਪਰਚੇ ਦੇ ਆਧਾਰ 'ਤੇ ਬਣਾਈ ਗਈ ਹੈ।

**ਕ੍ਰਿਪਾ ਕਰਕੇ ਲਿਖੋ Please Print or Type:**

ਤਾਰੀਖ਼ Date: ਪੂਰਾ ਨਾਮ Full Name:

ਜਨਮ ਤਾਰੀਖ਼ Date of Birth:

ਘਰ ਦਾ ਪਤਾ Home Address:

ਘਰ ਦਾ ਜਾਂ ਮੋਬਾਇਲ ਨੰਬਰ Home or Cell Phone: ਕੇਸ ਨੰਬਰ Claim or File Number:

**ਲੀਗਲ ਏਡ Legal Aid:**

ਤੁਹਾਨੂੰ ਕਿੰਨੀ ਸਹਾਇਤਾ ਮਿਲੇਗੀ What Coverage will be Provided:

ਸਹਾਇਤਾ ਸ਼ੁਰੂ ਹੋਣ ਦੀ ਤਾਰੀਖ਼ Start Date for Coverage:

ਇਹ ਸਹਾਇਤਾ ਕਿਵੇਂ ਵਰਤੀ ਜਾਏਗੀ Specifics on How Coverage will be Used:

**ਸੰਪਰਕ ਕਰਨ ਵਾਲੇ, ਗਵਾਹ ਜਾਂ ਹੋਰ ਵਿਅਕਤੀ Contacts, Witnesses or Others:**

| ਨਾਮ Name | ਔਹੁਦਾ (ਜੇਕਰ ਹੈ ਤਾਂ) Position (if this person has one) | ਟੈਲੀਫੋਨ Telephone | ਪਤਾ Address |
|---|---|---|---|
| | | | |
| | | | |
| | | | |
| | | | |
| | | | |

ਨੁਕਤੇ ਬਣਾ ਕੇ ਲੜੀਵਾਰ ਲਿਖੋ ਕਿ ਕੀ ਹੋਇਆ। ਇਹ ਜ਼ਰੂਰੀ ਹੈ ਕਿ ਤੁਸੀਂ ਸਾਰੀਆਂ ਘਟਨਾਵਾਂ ਦਾ ਸਮਾਂ, ਤਾਰੀਖ਼ਾਂ, ਥਾਂਵਾਂ ਅਤੇ ਉਸ ਵਿੱਚ ਸ਼ਾਮਲ ਲੋਕਾਂ ਬਾਰੇ ਲਿਖੋ। ਲੋੜ ਹੋਣ 'ਤੇ ਹੋਰ ਕਾਗਜ਼ ਵਰਤੋ।

In point form, write down what happened in order. It is important to include times, dates, places and people involved. Use more paper if you need to.

# ਕਾਨੂੰਨੀ ਪ੍ਰਣਾਲੀ ਵਿੱਚੋਂ ਲੰਘਦਿਆਂ ਤੁਸੀਂ ਇਹਨਾਂ ਵੱਖ-ਵੱਖ ਲੋਕਾਂ ਨਾਲ ਕੰਮ ਕਰਦੇ ਹੋ

ਇਸ ਭਾਗ ਵਿੱਚ ਉਹਨਾਂ ਵੱਖ-ਵੱਖ ਲੋਕਾਂ ਬਾਰੇ ਦੱਸਿਆ ਗਿਆ ਹੈ ਜਿਹਨਾਂ ਨਾਲ ਤੁਸੀਂ ਸੰਪਰਕ ਕਰ ਸਕਦੇ ਹੋ। ਇੱਥੇ ਦੱਸਿਆ ਗਿਆ ਹੈ ਉਹਨਾਂ ਦੇ ਕੰਮ ਬਾਰੇ, ਉਹ ਤੁਹਾਡੇ ਲਈ ਕੀ ਕਰ ਸਕਦੇ ਹਨ ਅਤੇ ਉਹ ਕਿੱਥੇ ਕੰਮ ਕਰਦੇ ਹਨ।



## ਕਮਿਉਨਿਟੀ ਵਰਕਰ (Community Worker)

ਬਹੁਤੇ ਕਮਿਉਨਿਟੀ ਵਰਕਰ ਉਹਨਾਂ ਥਾਂਵਾਂ 'ਤੇ ਕੰਮ ਕਰਦੇ ਹਨ ਜਿੱਥੇ ਭਾਈਚਾਰੇ ਦੇ ਲੋਕਾਂ ਦੀ ਮਦਦ ਕੀਤੀ ਜਾਂਦੀ ਹੈ। ਜਿਹੜੀਆਂ ਥਾਵਾਂ 'ਤੇ ਉਹ ਕੰਮ ਕਰਦੇ ਹਨ ਉਹਨਾਂ ਨੂੰ ਏਜੰਸੀਆਂ ਜਾਂ ਸੰਸਥਾਵਾਂ ਕਿਹਾ ਜਾਂਦਾ ਹੈ। ਕਮਿਉਨਿਟੀ ਵਰਕਰ ਸਰਕਾਰ ਲਈ ਕੰਮ ਨਹੀਂ ਕਰਦੇ, ਉਹਨਾਂ ਦਾ ਕੰਮ ਤੁਹਾਡੀ ਮਦਦ ਕਰਨਾ ਹੁੰਦਾ ਹੈ। ਕਮਿਉਨਿਟੀ ਵਰਕਰ ਕਈ ਕਿਸਮ ਦੇ ਹੁੰਦੇ ਹਨ, ਜਿਵੇਂ ਕਿ ਅਤਿਆਚਾਰ ਦਾ ਸ਼ਿਕਾਰ ਹੋਈਆਂ ਔਰਤਾਂ ਨਾਲ ਕੰਮ ਕਰਨ ਵਾਲੇ, ਭਾਵਾਤਮਕ ਸਹਾਰਾ ਦੇਣ ਵਾਲੇ, ਤੁਹਾਡੇ ਨਾਲ ਅਦਾਲਤਾਂ ਜਾਂ ਦਫ਼ਤਰਾਂ ਵਿੱਚ ਜਾਣ ਵਾਲੇ ਆਦਿ।

ਸਾਰੇ ਕਮਿਉਨਿਟੀ ਵਰਕਰ ਵੱਖ-ਵੱਖ ਤਰ੍ਹਾਂ ਦਾ ਕੰਮ ਕਰਦੇ ਹਨ। ਆਮ ਤੌਰ 'ਤੇ ਕਮਿਉਨਿਟੀ ਵਰਕਰ ਤੁਹਾਨੂੰ ਜਾਣਕਾਰੀ, ਸਹਾਰਾ ਦੇਣ, ਵਕਾਲਤ ਕਰਨ ਅਤੇ ਅਪਾਇੰਟਮੈਂਟਾਂ 'ਤੇ ਤੁਹਾਡੇ ਨਾਲ ਜਾਣ ਦਾ ਕੰਮ ਕਰਦੇ ਹਨ। ਕਮਿਉਨਿਟੀ ਵਰਕਰ ਤੁਹਾਨੂੰ ਭਾਈਚਾਰੇ ਦੀਆਂ ਹੋਰ ਸੰਸਥਾਵਾਂ ਵੱਲ ਭੇਜਣ ਦੀ ਸਲਾਹ ਵੀ ਦੇ ਸਕਦੀਆਂ ਹਨ।

ਕਾਨੂੰਨੀ ਪ੍ਰਣਾਲੀ ਦਾ ਸਾਹਮਣਾ ਕਰ ਰਹੀਆਂ ਔਰਤਾਂ ਦੀ ਮਦਦ ਕਰਨ ਵਾਲੀਆਂ ਸੰਸਥਾਵਾਂ ਦੀ ਸੂਚੀ ਦੇਖਣ ਲਈ ਇਸ ਕਿਤਾਬਚੇ ਦੇ ਸਰੋਤਾਂ ਵਾਲੇ ਭਾਗ ਵਿੱਚ ਜਾਓ।

**ਸੁਝਾਅ** ਕਈ ਵਾਰ ਲੋਕ ਕਮਿਉਨਿਟੀ ਵਰਕਰਾਂ ਨੂੰ ਸੋਸ਼ਲ ਵਰਕਰ ਕਹਿ ਦਿੰਦੇ ਹਨ। ਕੁਝ ਕਮਿਉਨਿਟੀ ਵਰਕਰਾਂ ਕੋਲ ਸੋਸ਼ਲ ਵਰਕਰ ਦੀ ਸਿਖਲਾਈ ਹੁੰਦੀ ਹੈ ਪਰ ਉਹ ਸੋਸ਼ਲ ਵਰਕਰ ਨਹੀਂ ਹੁੰਦੇ।ਜੇਕਰ ਤੁਸੀਂ ਆਪਣੀ ਕਮਿਉਨਿਟੀ ਵਰਕਰ ਨੂੰ ਸੋਸ਼ਲ ਵਰਕਰ ਸੱਦਦੇ ਹੋ ਤਾਂ ਤੁਹਾਡਾ ਵਕੀਲ ਜਾਂ ਦੂਸਰੇ ਕਾਨੂੰਨੀ ਮਾਹਿਰ ਸਮਝਣਗੇ ਕਿ ਤੁਸੀਂ ਬੱਚਿਆਂ ਅਤੇ ਪਰਿਵਾਰਾਂ ਦੇ ਵਿਕਾਸ ਦੇ ਮੰਤਰਾਲੇ Ministry of Children and Family Development (MCFD) ਦੀ ਸੋਸ਼ਲ ਵਰਕਰ ਦੀ ਗੱਲ ਕਰ ਰਹੇ ਹੋ। ਸੋਸ਼ਲ ਵਰਕਰ ਕਮਿਉਨਿਟੀ ਵਰਕਰਾਂ ਨਾਲੋਂ ਵੱਖਰੇ ਹੁੰਦੇ ਹਨ। ਇਸ ਮੰਤਰਾਲੇ ਦੇ ਸੋਸ਼ਲ ਵਰਕਰ ਸਰਕਾਰ ਲਈ ਕੰਮ ਕਰਦੇ ਹਨ ਅਤੇ ਉਹਨਾਂ ਪਰਿਵਾਰਾਂ ਦੀ ਜਾਂਚ ਕਰਦੇ ਹਨ ਜਿੱਥੇ ਉਹਨਾਂ ਨੂੰ ਲੱਗਦਾ ਹੈ ਕਿ ਬੱਚਿਆਂ ਨਾਲ ਦੁਰਵਿਹਾਰ ਹੋ ਰਿਹਾ ਹੈ। ਇੱਕ ਕਮਿਉਨਿਟੀ ਵਰਕਰ ਅਜਿਹਾ ਨਹੀਂ ਕਰਦੇ।

## ਪਰਿਵਾਰਾਂ ਨੂੰ ਨਿਆਂ ਦਿਵਾਉਣ ਵਾਲੇ ਮਾਹਿਰ (Family Justice Counsellor)

ਫੈਮਿਲੀ ਜਸਟਿਸ ਕਾਊਂਸਲਰ ਤੁਹਾਨੂੰ ਕਾਨੂੰਨ ਅਤੇ ਪਰਿਵਾਰਕ ਅਦਾਲਤਾਂ ਦੀਆਂ ਕਾਰਵਾਈਆਂ ਬਾਰੇ ਜਾਣਕਾਰੀ ਦਿੰਦੇ ਹਨ। ਇਹ ਮਾਹਿਰ ਸਰਕਾਰੀ ਕਰਮਚਾਰੀ ਹੁੰਦੇ ਹਨ ਅਤੇ ਉਹ ਫੈਮਿਲੀ ਜਸਟਿਸ ਸੈਂਟਰ ਵਿੱਚ ਕੰਮ ਕਰਦੇ ਹਨ।ਇਹ ਸੈਂਟਰ ਸੂਬੇ ਵਿੱਚ ਥਾਂ-ਥਾਂ 'ਤੇ ਅਤੇ ਕਈ ਵਾਰ ਸਥਾਨਕ ਅਦਾਲਤਾਂ ਵਿੱਚ ਵੀ ਬਣੇ ਹੁੰਦੇ ਹਨ। ਇਹਨਾਂ ਮਾਹਿਰਾਂ ਦੁਆਰਾ ਦਿੱਤੀਆਂ ਜਾਣ ਵਾਲੀਆਂ ਕੁਝ ਕੁ ਸੇਵਾਵਾਂ ਇਹ ਹਨ: ਜਾਣਕਾਰੀ, ਪਰਿਵਾਰਕ ਅਦਾਲਤਾਂ ਦੇ ਫਾਰਮ ਭਰਨ ਵਿੱਚ ਮਦਦ, ਵਿਚੋਲਗੀ ਅਤੇ ਸਮਝੌਤਾ ਕਰਵਾਉਣ ਦੀਆਂ ਸੇਵਾਵਾਂ ਅਤੇ ਵੱਖ ਹੋਣ ਦੇ ਸਮਝੌਤੇ ਦੀ ਯੋਜਨਾ ਬਣਾਉਣ ਵਿੱਚ ਮਦਦ।



## ਕਾਨੂੰਨੀ ਐਡਵੋਕੇਟ (Legal Advocate)

ਕਾਨੂੰਨੀ ਐਡਵੋਕੇਟ ਭਾਈਚਾਰੇ ਲਈ ਕੰਮ ਕਰਨ ਵਾਲੇ ਮੁਲਾਜ਼ਮ ਹਨ, ਜਿਹੜੇ ਤੁਹਾਡੀ ਕਾਨੂੰਨੀ ਮੁਸ਼ਕਲਾਂ ਵਿੱਚ ਮਦਦ ਕਰਦੇ ਹਨ। ਕਾਨੂੰਨੀ ਐਡਵੋਕੇਟ ਭਾਈਚਾਰਕ ਸੰਸਥਾਵਾਂ ਵਿੱਚ ਕੰਮ ਕਰਦੇ ਹਨ। ਇਹ ਵਕੀਲ ਨਹੀਂ ਹੁੰਦੇ ਅਤੇ ਨਾ ਹੀ ਤੁਹਾਨੂੰ ਕਾਨੂੰਨੀ ਸਲਾਹ ਦਿੰਦੇ ਹਨ।

ਕਾਨੂੰਨੀ ਐਡਵੋਕੇਟ ਤੁਹਾਨੂੰ ਕਾਨੂੰਨੀ ਜਾਣਕਾਰੀ, ਹਿਮਾਇਤ, ਸਹਾਇਤਾ ਪ੍ਰਦਾਨ ਕਰਦੇ ਹਨ ਅਤੇ ਤੁਹਾਡੇ ਨਾਲ ਮਿਲਕੇ ਐਫੀਡੈਵਿਟ ਲਿਖਦੇ ਅਤੇ ਕੁਝ ਕਾਨੂੰਨੀ ਫਾਰਮਾਂ ਨੂੰ ਭਰਨ ਵਿੱਚ ਤੁਹਾਡੀ ਮਦਦ ਕਰਦੇ ਹਨ। ਕਾਨੂੰਨੀ ਐਡਵੋਕੇਟ ਤੁਹਾਨੂੰ ਵਕੀਲ ਕੋਲ ਵੀ ਭੇਜ ਸਕਦੇ ਹਨ, ਲੀਗਲ ਏਡ ਦੀ ਅਰਜ਼ੀ ਭਰਨ ਅਤੇ ਵਕੀਲ ਤੋਂ ਪੁੱਛਣ ਵਾਲੇ ਸਵਾਲ ਤਿਆਰ ਕਰਨ ਵਿੱਚ ਵੀ ਤੁਹਾਡੀ ਮਦਦ ਕਰ ਸਕਦੇ ਹਨ। ਇਸ ਤੋਂ ਇਲਾਵਾ ਉਹ ਤੁਹਾਨੂੰ ਕਾਨੂੰਨੀ ਪ੍ਰਣਾਲੀ ਨੂੰ ਸਮਝਣ ਅਤੇ ਤੁਹਾਡੇ ਵਕੀਲ ਨਾਲ ਤੁਹਾਡੀ ਗੱਲ ਕਰਵਾਉਣ ਵਿੱਚ ਵੀ ਮਦਦ ਕਰ ਸਕਦੇ ਹਨ।

ਤੁਹਾਨੂੰ ਸਹਾਰਾ ਦੇਣ ਲਈ ਕਾਨੂੰਨੀ ਐਡਵੋਕੇਟ ਤੁਹਾਡੇ ਨਾਲ ਅਦਾਲਤ ਦੀਆਂ ਅਪਾਇੰਟਮੈਂਟਾਂ 'ਤੇ ਵੀ ਜਾ ਸਕਦੇ ਹਨ। ਕਾਨੂੰਨੀ ਐਡਵੋਕੇਟ ਬਹੁਤ ਹੀ ਵੱਡਮੁੱਲਾ ਸਰੋਤ ਹਨ ਕਿਉਂਕਿ ਵਕੀਲਾਂ ਦੇ ਘੰਟੇ ਸੀਮਤ ਹੁੰਦੇ ਹਨ।

**ਯਾਦ ਰੱਖੋ** ਤੁਹਾਡਾ ਵਕੀਲ, ਐਡਵੋਕੇਟ ਅਤੇ ਕਮਿਊਨਿਟੀ ਵਰਕਰ ਤੁਹਾਡੇ ਲਈ ਅਤੇ ਤੁਹਾਡੇ ਨਾਲ ਕੰਮ ਕਰਦੇ ਹਨ। ਉਹ ਆਪਣੀ ਮਨ ਮਰਜ਼ੀ ਨਹੀਂ ਕਰ ਸਕਦੇ।



## ਦੋ–ਭਾਸ਼ੀਆ (Interpreter)

ਦੋ-ਭਾਸ਼ੀਆ ਸਿਖਲਾਈ ਪ੍ਰਾਪਤ ਲੋਕ ਹੁੰਦੇ ਹਨ ਜੋ ਤੁਹਾਡੀ ਭਾਸ਼ਾ ਅਤੇ ਅੰਗਰੇਜ਼ੀ ਬੋਲ ਸਕਦੇ ਹਨ। ਦੋ-ਭਾਸ਼ੀਆ ਦਾ ਕੰਮ ਹੁੰਦਾ ਹੈ ਕਿ ਉਹ ਤੁਹਾਡੀ ਮੀਟਿੰਗ ਵਿੱਚ ਤੁਹਾਨੂੰ ਗੱਲਬਾਤ ਕਰਨ ਵਿੱਚ ਮਦਦ ਕਰੇ। ਭਾਵੇਂ ਦੋ-ਭਾਸ਼ੀਆਂ ਨੂੰ ਗੱਲ ਦਾ ਸਹੀ ਅਨੁਵਾਦ ਕਰਨ ਦੀ ਸਿਖਲਾਈ ਦਿੱਤੀ ਜਾਂਦੀ ਹੈ ਪਰ ਕੁਝ ਲੋਕ ਅਜਿਹਾ ਨਹੀਂ ਕਰਦੇ। ਜੇਕਰ ਤੁਸੀਂ ਮਹਿਸੂਸ ਕਰਦੇ ਹੋਕਿ ਤੁਹਾਡਾ ਦੋ-ਭਾਸ਼ੀਆ ਤੁਹਾਡੀ ਗੱਲ ਦਾ ਸਹੀ ਅਨੁਵਾਦ ਨਹੀਂ ਕਰ ਰਿਹਾ ਤਾਂ ਤੁਸੀਂ ਛੇਤੀ ਤੋਂ ਛੇਤੀ ਆਪਣੇ ਵਕੀਲ ਜਾਂ ਆਪਣੇ ਨਾਲ ਕੰਮ ਕਰ ਰਹੇ ਕਿਸੇ ਹੋਰ ਵਿਅਕਤੀ ਨੂੰ ਦੱਸੋ। ਇੱਕ ਦੋ-ਭਾਸ਼ੀਆ ਤੁਹਾਨੂੰ ਇਹ ਸਲਾਹ ਨਹੀਂ ਦੇ ਸਕਦਾ ਕਿ ਤੁਹਾਨੂੰ ਆਪਣੇ ਕੇਸ ਨੂੰ ਅੱਗੇ ਕਿਵੇਂ ਤੋਰਨਾ ਚਾਹੀਦਾ ਹੈ।

## ਨਿੱਜੀ ਤੌਰ ‘ਤੇ ਕੀਤਾ ਵਕੀਲ (Privately Hired Lawyer)

ਨਿੱਜੀ ਤੌਰ ਤੇ ਕੀਤਾ ਵਕੀਲ ਉਹ ਹੈ ਜਿਸਨੂੰ ਤੁਸੀਂ ਆਪ ਲੱਭਦੇ ਹੋ ਅਤੇ ਆਪ ਪੈਸੇ ਦਿੰਦੇ ਹੋ ਅਤੇ ਉਹ ਤੁਹਾਡੀ ਕੇਸ ਲੜਣ ਵਿੱਚ ਮਦਦ ਕਰਦਾ ਹੈ। ਨਿੱਜੀ ਤੌਰ ‘ਤੇ ਵਕੀਲ ਕਰਨਾ ਬੜਾ ਮਹਿੰਗਾ ਹੈ। ਜੇਕਰ ਤੁਹਾਡਾ ਕੇਸ ਮੁਕੱਦਮੇ ਦਾ ਹੈ ਤਾਂ ਇਹ ਹੋਰ ਵੀ ਮਹਿੰਗਾ ਹੋ ਸਕਦਾ ਹੈ। ਜੇਕਰ ਤੁਸੀਂ ਵਕੀਲ ਕਰਨਾ ਸਹਾਰ ਸਕਦੇ ਹੋ ਤਾਂ ਆਪਣੀ ਮਰਜ਼ੀ ਨਾਲ ਵਕੀਲ ਚੁਣ ਸਕਦੇ ਹੋ।

ਸਾਰੇ ਵਕੀਲਾਂ ਦੇ ਵੱਖ-ਵੱਖ ਖ਼ਰਚੇ ਹੁੰਦੇ ਹਨ। ਵਕੀਲ਼ ਕਰਨ ਤੋਂ ਪਹਿਲਾਂ ਉਸ ਨਾਲ ਪੈਸੇ ਦੀ ਗੱਲ ਫੋਨ ‘ਤੇ ਹੀ ਕਰ ਲਓ। ਕੁਝ ਵਕੀਲ ਘੱਟ ਪੈਸਿਆਂ ‘ਤੇ ਕਾਨੂੰਨੀ ਸਲਾਹ ਪ੍ਰਦਾਨ ਕਰਦੇ ਹਨ ਪਰ ਕੁਝ ਨਹੀਂ ਵੀ ਕਰਦੇ। ਹਰੇਕ ਵਕੀਲ ਨੂੰ ਫੋਨ ‘ਤੇ ਪਹਿਲਾਂ ਪੁੱਛ ਲਓ ਕਿ ਜੇਕਰ ਉਹ ਮੁਫ਼ਤ ਜਾਂ ਘੱਟ ਪੈਸਿਆਂ ‘ਤੇ ਸਲਾਹ ਦਿੰਦੇ ਹਨ।

**ਸੁਝਾਅ** ਜੇਕਰ ਤੁਹਾਡੇ ਕੋਲ ਸੀਮਤ ਸਾਧਨ ਹਨ ਅਤੇ ਤੁਹਾਨੂੰ ਵਕੀਲ ਕਰਨ ਦੀ ਲੋੜ ਹੈ ਤਾਂ ਤੁਸੀਂ ਵਕੀਲ ਲੱਭਣ ਵਾਲੀ ਸੰਸਥਾ (Lawyer Referral Service) ਨੂੰ ਫੋਨ ਕਰ ਸਕਦੇ ਹੋ। ਤੁਸੀਂ ਉਹਨਾਂ ਨੂੰ ਸੋਮਵਾਰ ਤੋਂ ਲੈਕੇ ਸ਼ੁਕਰਵਾਰ ਤੱਕ 8:30 ਤੋਂ ਲੈਕੇ 4:30 ਤੱਕ 604-687-3221 ‘ਤੇ ਫੋਨ ਕਰ ਸਕਦੇ ਹੋ। ਜੇਕਰ ਤੁਹਾਨੂੰ ਕਿਸੇ ਖ਼ਾਸ ਮੁੱਦੇ ਬਾਰੇ ਸਲਾਹ ਚਾਹੀਦੀ ਹੈ ਤਾਂ ਤੁਸੀਂ ਉਹਨਾਂ ਨੂੰ ਫੋਨ ਕਰ ਸਕਦੇ ਹੋ। ਤੁਸੀਂ ਪੱਚੀ ਡਾਲਰ ਦੇਕੇ ਵਕੀਲ ਨਾਲ ਅੱਧੇ ਘੰਟੇ ਲਈ ਗੱਲ ਕਰ ਸਕਦੇ ਹੋ। ਜੇਕਰ ਤੁਹਾਨੂੰ ਵਕੀਲ ਕਰਨ ਦੀ ਲੋੜ ਹੈ ਤਾਂ ਇਸੀ ਗੱਲਬਾਤ ਦੌਰਾਨ ਉਸ ਨਾਲ ਫ਼ੀਸ ਦੀ ਵੀ ਗੱਲ ਕਰ ਲਓ।

## ਲੀਗਲ ਏਡ ਵਕੀਲ (Legal Aid Lawyer)

ਲੀਗਲ ਏਡ ਇੱਕ ਸਰਕਾਰੀ ਸੇਵਾ ਹੈ ਅਤੇ ਉਹਨਾਂ ਲੋਕਾਂ ਦੀ ਮਦਦ ਕਰਦਾ ਹੈ ਜਿਹੜੇ ਨਿੱਜੀ ਤੌਰ ‘ਤੇ ਵਕੀਲ ਨਹੀਂ ਕਰ ਸਕਦੇ। ਬੀਸੀ ਵਿੱਚ ਲੀਗਲ ਏਡ ਦੀ ਸੇਵਾ ਲੀਗਲ ਸਰਵਿਸਿਜ਼ ਸੋਸਾਇਟੀ (ਐਲਐਸਐਸ) ਵੱਲੋਂ ਚਲਾਇਆ ਜਾਂਦਾ ਹੈ। ਜੇਕਰ ਤੁਸੀਂ ਇਸਦੇ ਹੱਕਦਾਰ ਬਣਦੇ ਹੋ ਤਾਂ ਐਲਐਸਐਸ ਤੁਹਾਨੂੰ ਸੀਮਤ ਘੰਟਿਆਂ ਲਈ ਵਕੀਲ ਦਾ ਖ਼ਰਚਾ ਦੇਵੇਗੀ। ਜੇਕਰ ਤੁਹਾਡੇ ਕੋਲ ਪਹਿਲਾਂ ਹੀ ਵਕੀਲਾਂ ਦੇ ਨਾਮ ਹਨ ਤਾਂ ਠੀਕ ਹੈ ਨਹੀਂ ਤਾਂ ਐਲਐਸਐਸ ਤੁਹਾਨੂੰ ਵਕੀਲ ਲੱਭਣ ਲਈ ਵਕੀਲਾਂ ਦੇ ਨਾਮ ਦੱਸੇਗੀ। ਜਦੋਂ ਐਲਐਸਐਸ ਤੁਹਾਨੂੰ ਵਕੀਲਾਂ ਦੀ ਲਿਸਟ ਦਏਗੀ ਤਾਂ ਤੁਹਾਨੂੰ ਪਤਾ ਨਹੀਂ ਹੋਵੇਗਾ ਕਿ ਉਹ ਵਕੀਲ ਇਹ ਸਮਝ ਸਕਣਗੇ ਕਿ ਅਤਿਆਚਾਰ ਦਾ ਸ਼ਿਕਾਰ ਹੋਈ ਔਰਤ ਨਾਲ ਕਿਵੇਂ ਕੰਮ ਕਰਨਾ ਹੈ। ਇਸਲਈ ਬਿਹਤਰ ਹੋਵੇਗਾ ਕਿ ਲੀਗਲ ਏਡ ਨੂੰ ਅਰਜ਼ੀ ਦੇਣ ਲੱਗਿਆਂ ਆਪਣੇ ਕੇਸ ਸੰਬੰਧੀ ਸਿਫ਼ਾਰਸ਼ ਕੀਤੀ ਜਾਵੇ, ਫੇਰ ਤੁਹਾਡੇ ਕੋਲ ਵਕੀਲ ਕਰਨ ਦੀ ਵਧੇਰੇ ਚੋਣ ਹੋਵੇਗੀ।

ਕਈ ਵਾਰ ਆਵਾਸੀ ਔਰਤਾਂ ਨੂੰ ਲੱਗਦਾ ਹੈ ਕਿ ਉਹ ਨਿੱਜੀ ਤੌਰ ‘ਤੇ ਕੀਤੇ ਵਕੀਲ ਦੇ ਮੁਕਾਬਲੇ ਲੀਗਲ ਏਡ ਦੇ ਵਕੀਲ ਨੂੰ ਚੰਗੀ ਤਰ੍ਹਾਂ ਹਿਦਾਇਤਾਂ ਨਹੀਂ ਦੇ ਸਕਦੀਆਂ। ਇਹ ਸਹੀ ਨਹੀਂ ਹੈ। ਇਹ ਸਮਝਣਾ ਜ਼ਰੂਰੀ ਹੈ ਕਿ ਲੀਗਲ ਏਡ ਦੇ ਵਕੀਲ ਦੀਆਂ ਵੀ ਤੁਹਾਡੇ ਪ੍ਰਤੀ ਓਨੀ ਹੀ ਜ਼ਿੰਮੇਵਾਰੀ ਹੈ ਜਿੰਨੀ ਕਿ ਹੋਰ ਵਕੀਲਾਂ ਦੀ।

ਜੇਕਰ ਤੁਹਾਨੂੰ ਆਪਣੇ ਲੀਗਲ ਏਡ ਦੇ ਵਕੀਲ ਨਾਲ ਕੋਈ ਮੁਸ਼ਕਲ ਆ ਰਹੀ ਹੈ ਤਾਂ ਆਪਣੇ ਕਾਨੂੰਨੀ ਐਡਵੋਕੇਟ ਨਾਲ ਸਲਾਹ ਕਰਕੇ ਜਿੰਨੀ ਛੇਤੀ ਹੋ ਸਕੇ ਐਲਐਸਐਸ ਨੂੰ ਦੱਸੋ।

**ਸੁਝਾਅ** BWSS ਵਰਗੀਆਂ ਕਈ ਸੰਸਥਾਵਾਂ ਹਨ ਜਿਹਨਾਂ ਕੋਲ ਕਾਨੂੰਨੀ ਐਡਵੋਕੇਟ ਹੁੰਦੇ ਹਨ, ਜਿਹਨਾਂ ਕੋਲ ਲੀਗਲ ਏਡ ਨਾਲ ਕੰਮ ਕਰ ਰਹੇ ਵਕੀਲਾਂ ਦੀ ਸੂਚੀ ਹੁੰਦੀ ਹੈ ਜਿਸਦੀ ਉਹ ਸਲਾਹ ਦੇ ਸਕਦੇ ਹਨ। ਲੀਗਲ ਏਡ ਤੋਂ ਮਿਲੇ ਵਕੀਲਾਂ ਨੂੰ ਫੋਨ ਕਰਨ ਤੋਂ ਪਹਿਲਾਂ ਇਹਨਾਂ ਸੰਸਥਾਵਾਂ ਨੂੰ ਫੋਨ ਕਰ ਲਓ ਅਤੇ ਉਹ ਤੁਹਾਨੂੰ ਦੋ ਤੋਂ ਤਿੰਨ ਵਕੀਲਾਂ ਦੇ ਨਾਮ ਅਤੇ ਸੰਪਰਕ ਕਰਨ ਲਈ ਨੰਬਰ ਦੇ ਦੇਣਗੀਆਂ। ਜਿਹੜੇ ਵਕੀਲਾਂ ਦੀ ਇਹ ਸੰਸਥਾਵਾਂ ਸਲਾਹ ਦੇਣਗੀਆਂ ਉਹਨਾਂ ਨੂੰ ਇਸ ਗੱਲ ਦੀ ਸਮਝ ਹੋਵੇਗੀ ਕਿ ਦੁਰਵਿਹਾਰ ਦਾ ਸ਼ਿਕਾਰ ਹੋਈਆਂ ਅਰਤਾਂ ਨਾਲ ਕਿਵੇਂ ਕੰਮ ਕਰਨਾ ਹੈ। ਵਕੀਲ ਨੂੰ ਆਪਣੇ ਕੇਸ ਬਾਰੇ ਦੱਸੋ ਅਤੇ ਪੁੱਛੋ ਕਿ ਜੇਕਰ ਉਹ ਤੁਹਾਡਾ ਕੇਸ ਲੈ ਸਕਦੇ ਹਨ।



## ਲੀਗਲ ਏਡ ਦੀ ਅਰਜ਼ੀ ਭਰਨ ਵਾਲੇ ਮੁਲਾਜ਼ਮ (Legal Aid Intake Worker)

ਇਹ ਕਰਮਚਾਰੀ ਲੀਗਲ ਏਡ ਦੇ ਦਫ਼ਤਰਾਂ, ਅਦਾਲਤਾਂ ਜਾਂ ਲੀਗਲ ਸਰਵਿਸਿਜ਼ ਸੋਸਾਇਟੀ (ਐਲਐਸਐਸ) ਦੇ ਫੋਨ 'ਤੇ ਕੰਮ ਕਰਦੇ ਹਨ। ਇਹ ਉਹ ਲੋਕ ਹਨ ਜਿਹਨਾਂ ਨੂੰ ਤੁਸੀਂ ਉਸ ਵੇਲੇ ਮਿਲਦੇ ਹੋ ਜਦੋਂ ਤੁਸੀਂ ਲੀਗਲ ਏਡ ਲਈ ਅਰਜ਼ੀ ਦਿੰਦੇ ਹੋ ਅਤੇ ਇਹ ਤੁਹਾਡੀ ਅਰਜ਼ੀ ਭਰਨ ਵਿੱਚ ਮਦਦ ਕਰਦੇ ਹਨ। ਜਦੋਂ ਤੁਸੀਂ ਲੀਗਲ ਏਡ ਲੈਣ ਲਈ ਬੇਨਤੀ ਕਰਦੇ ਹੋ ਤਾਂ ਅਰਜ਼ੀ ਭਰਨ ਵਾਲੇ ਮੁਲਾਜ਼ਮ ਤੁਹਾਡੇ ਤੋਂ ਤੁਹਾਡੇ ਕੇਸ, ਆਮਦਨ, ਬਚਤਾਂ ਅਤੇ ਜਾਇਦਾਦ ਬਾਰੇ ਪੂਰੀ ਅਤੇ ਸਹੀ ਜਾਣਕਾਰੀ ਪੁੱਛਣਗੇ।ਇਹਨਾਂ ਦਾ ਕੰਮ ਇਹ ਵੇਖਣਾ ਹੈ ਕਿ ਤੁਸੀਂ ਲੀਗਲ ਏਡ ਲੈਣ ਦੇ ਯੋਗ ਹੋ ਜਾਂ ਨਹੀਂ। **ਲੀਗਲ ਏਡ ਦੀ ਅਰਜ਼ੀ ਭਰਨ ਵਾਲੇ ਮੁਲਾਜ਼ਮ ਭਾਈਚਾਰੇ ਲਈ ਕੰਮ ਕਰਨ ਵਾਲੇ ਮੁਲਾਜ਼ਮ,ਸੋਸ਼ਲ ਵਰਕਰ ਜਾਂ ਲੀਗਲ ਏਡ ਦੇ ਵਕੀਲ ਨਹੀਂ ਹਨ।**



## ਮੀਡੀਏਟਰ (Mediator)

ਮੀਡੀਏਟਰ ਇੱਕ ਤੀਜੀ ਧਿਰ ਹੈ, ਜਿਸਨੂੰ ਇਸ ਗੱਲ ਦੀ ਸਿਖਲਾਈ ਪ੍ਰਾਪਤ ਹੈ ਕਿ ਉਹ ਤੁਹਾਡੀ ਜਾਂ ਤੁਹਾਡੇ ਮੌਜੂਦਾ ਜਾਂ ਪਹਿਲੇ ਸਾਥੀ ਦੀ ਤਲਾਕ ਦੇ ਮਾਮਲਿਆਂ ਨੂੰ ਹੱਲ ਕਰਨ ਵਿੱਚ ਮਦਦ ਕਰ ਸਕਦਾ ਹੈ। ਤਲਾਕ ਦੇ ਮਾਮਲਿਆਂ ਲਈ ਅਦਾਲਤ ਨਾ ਜਾਕੇ ਮੀਡੀਏਟਰ ਕੋਲ ਜਾਣ ਦਾ ਵੀ ਇੱਕ ਤਰੀਕਾ ਹੈ। ਇਹਨਾਂ ਸਮੱਸਿਆਵਾਂ ਵਿੱਚ ਬੱਚਿਆਂ ਦੀ ਨਿਗਰਾਨੀ ਅਤੇ ਪਹੁੰਚ, ਜਾਇਦਾਦ ਅਤੇ ਧਨ ਦੀ ਵੰਡ ਜਾਂ ਪਤੀ/ਪਤਨੀ ਲਈ ਸਹਾਇਤਾ ਰਾਸ਼ੀ ਸ਼ਾਮਲ ਹੈ। ਮੀਡੀਏਟਰ ਤੁਹਾਡੇ ਲਈ ਫ਼ੈਸਲੇ ਨਹੀਂ ਕਰਦਾ, ਸਗੋਂ ਤੁਹਾਨੂੰ ਦੋਹਾਂ ਨੂੰ ਅਜਿਹੇ ਹੱਲ ਲੱਭਣ ਵਿੱਚ ਮਦਦ ਕਰਦੇ ਹਨ ਜਿਹੜੇ ਤੁਹਾਡੇ ਦੋਹਾਂ ਨੂੰ ਮਨਜ਼ੂਰ ਹੋਣ।

ਅਕਸਰ ਉਹਨਾਂ ਔਰਤਾਂ ਲਈ ਮੀਡੀਏਟਰ ਦੀ ਮਦਦ ਲੈਣਾ ਸਹੀ ਨਹੀਂ ਹੁੰਦਾ ਜਿਹਨਾਂ ਨੇ ਦੁਰਵਿਹਾਰ ਸਹਾਰਿਆ ਹੁੰਦਾ ਹੈ। ਜੇਕਰ ਤੁਹਾਡੇ ਨਾਲ ਅਜਿਹਾ ਹੋਇਆ ਹੈ ਅਤੇ ਲੀਗਲ ਏਡ ਕੇਵਲ ਤੁਹਾਨੂੰ ਮੀਡੀਏਟਰ ਕੋਲ ਜਾਣ ਜਿੰਨੀ ਰਕਮ ਦੇ ਰਹੀ ਹੈ ਤਾਂ ਇਹ ਜ਼ਰੂਰੀ ਹੈ ਕਿ ਤੁਸੀਂ ਆਪਣੇ ਕਾਨੂੰਨੀ ਐਡਵੋਕੇਟ ਜਾਂ ਐਲਐਸਐਸ ਨਾਲ ਛੇਤੀ ਤੋਂ ਛੇਤੀ ਗੱਲ ਕਰੋ। ਮੀਡੀਏਟਰ ਵਕੀਲ ਨਹੀਂ ਹੈ ਅਤੇ ਉਹ ਤੁਹਾਨੂੰ ਕਾਨੂੰਨੀ ਸਲਾਹ ਨਹੀਂ ਦੇਣਗੇ। ਜੇਕਰ ਤੁਸੀਂ ਮੀਡੀਏਟਰ ਤੋਂ ਆਪਣਾ ਕੰਮ ਕਰਵਾਉਂਦੇ ਹੋ ਤਾਂ ਵੀ ਤੁਹਾਨੂੰ ਮੀਡੀਏਸ਼ਨ ਤੋਂ ਪਹਿਲਾਂ ਅਤੇ ਬਾਅਦ ਵਿੱਚ ਅਤੇ ਕਿਸੇ ਵੀ ਦਸਤਾਵੇਜ਼ 'ਤੇ ਦਸਤਖ਼ਤ ਕਰਨ ਤੋਂ ਪਹਿਲਾਂ ਕਾਨੂੰਨੀ ਸਲਾਹ ਲੈਣ ਲਈ ਵਕੀਲ ਕੋਲ ਜਾਣਾ ਪਵੇਗਾ।

## ਫੈਮਿਲੀ ਡਿਊਟੀ ਕਾਊਂਸਲ (Family Duty Council)

ਫੈਮਿਲੀ ਡਿਊਟੀ ਕਾਊਂਸਲ ਵਕੀਲ ਪ੍ਰੋਵਿੰਸ਼ੀਅਲ ਅਤੇ ਸੁਪਰੀਮ ਅਦਾਲਤਾਂ ਵਿੱਚ ਕੰਮ ਕਰਦੇ ਹਨ। ਇਹਨਾਂ ਨੂੰ ਐਲਐਸਐਸ ਵੱਲੋਂ ਪੈਸੇ ਮਿਲਦੇ ਹਨ। ਇਹ ਉਹਨਾਂ ਘੱਟ ਆਮਦਨ ਵਾਲੇ ਲੋਕਾਂ ਨਾਲ ਕੰਮ ਕਰਦੇ ਹਨ ਜਿਹਨਾਂ ਦੇ ਪਰਿਵਾਰ ਕਾਨੂੰਨੀ ਔਕੜਾਂ ਦਾ ਸਾਹਮਣਾ ਕਰ ਰਹੇ ਹੁੰਦੇ ਹਨ। ਇਹਨਾਂ ਨੂੰ ਅਪਾਇੰਟਮੈਂਟ ਨਾਲ ਜਾਂ ਬਿਨਾਂ ਅਪਾਇੰਟਮੈਂਟ ਦੇ ਵੀ ਮਿਲ ਸਕਦੇ ਹਾਂ। ਇਹ ਤੁਹਾਨੂੰ ਪ੍ਰੋਵਿੰਸ਼ੀਅਲ ਅਦਾਲਤ ਵਿੱਚ ਸਲਾਹ ਦੇ ਸਕਦੇ ਹਨ ਜਾਂ ਤੁਹਾਡੇ ਲਈ ਸਧਾਰਣ ਮੁੱਦਿਆਂ 'ਤੇ ਅਦਾਲਤ ਵਿੱਚ ਬੋਲ ਸਕਦੇ ਹਨ। ਪਰ ਇਹ ਤੁਹਾਡਾ ਸਾਰਾ ਕੇਸ ਨਹੀਂ ਲੈਂਦੇ ਅਤੇ ਨਾ ਹੀ ਤੁਹਾਡੇ ਕੇਸ ਦੀ ਅਗਵਾਈ ਕਰਦੇ ਹਨ।

ਸੁਪਰੀਮ ਅਦਾਲਤ ਵਿੱਚ, ਫੈਮਿਲੀ ਡਿਊਟੀ ਕਾਊਂਸਲ ਤੁਹਾਨੂੰ ਬਿਨਾਂ ਪੈਸੇ ਲਏ ਤਿੰਨ ਘੰਟਿਆਂ ਲਈ ਕਾਨੂੰਨੀ ਸਲਾਹ ਦੇ ਸਕਦੇ ਹਨ। ਕਈ ਵਾਰ ਇਹ ਤੁਹਾਡੀ ਅਦਾਲਤ ਵਿੱਚ ਵੀ ਮਦਦ ਕਰ ਸਕਦੇ ਹਨ ਜੇ ਤੁਹਾਡਾ ਕੇਸ ਸਿੱਧਾ ਹੈ, ਉਸਦਾ ਕੋਈ ਵਿਰੋਧ ਨਹੀਂ ਜਾਂ ਫੇਰ ਤੁਸੀਂ ਉਸ ਲਈ ਸਹਿਮਤ ਹੋ।

# ਔਰਤਾਂ ਲਈ ਕਾਨੂੰਨੀ ਵਸੀਲੇ

**Access Justice Pro Bono**
ਵਕੀਲਾਂ ਵੱਲੋਂ ਮੁਫ਼ਤ ਸੇਵਾਵਾਂ ਪਰਦਾਨ ਕਰਦੀ ਹੈ। ਇਹ ਭਾਈਚਾਰੇ ਵਿੱਚ ਮੁਫ਼ਤ ਕਾਨੂੰਨੀ ਸਲਾਹ ਦੇਣ ਲਈ ਦਫ਼ਤਰ ਲਾਉਂਦੇ ਹਨ। ਇਸ ਦਫ਼ਤਰ ਵਿਖੇ ਅਪਾਇੰਟਮੈਂਟ ਲਈ ਕ੍ਰਿਪਾ ਕਰਕੇ ਇਹਨਾਂ ਨੂੰ ਫੋਨ ਕਰੋ।

ਫੋਨ 604-878-7400
ਵੈਨਕੂਵਰ ਦੇ ਸ਼ਹਿਰਾਂ ਤੋਂ ਬਾਹਰ 1-877-762-6664
ਵੈਬਸਾਈਟ www.accessjustice.ca

**Court Information Program for Immigrants, Justice Education Society**
ਆਵਾਸੀਆਂ ਨੂੰ ਮੁਫ਼ਤ ਕਾਨੂੰਨੀ ਜਾਣਕਾਰੀ ਦਿੰਦੇ ਹਨ।ਇਹਨਾਂ ਦੀ ਵੈੱਬਸਾਈਟ ‘ਤੇ ਆਮ ਕਾਨੂੰਨੀ ਮੁੱਦਿਆ ਬਾਰੇ ਜਾਣਕਾਰੀ ਹੁੰਦੀ ਹੈ, ਜਿਵੇਂ ਕਿ ਬੀਸੀ ਦੀਆਂ ਅਦਾਲਤਾਂ, ਕੈਨੇਡਾ ਦਾ ਕਾਨੂੰਨ, ਫੌਜਦਾਰੀ ਅਤੇ ਪਰਿਵਾਰਕ ਕਾਨੂੰਨ ਬਾਰੇ ਮੁੱਢਲੀ ਜਾਣਕਾਰੀ। ਇਹਨਾਂ ਦੇ ਭਾਈਚਾਰੇ ਨਾਲ ਕੰਮ ਕਰਨ ਵਾਲੇ; ਕਰਮਚਾਰੀ ਲੋਅਰ ਮੇਨਲੈਂਡ ਦੀਆਂ ਅਦਾਲਤਾਂ ਵਿੱਚ ਛੇ ਭਾਸ਼ਾਵਾਂ ਵਿੱਚ ਕੰਮ ਕਰਦੇ ਹਨ। ਵੈੱਬਸਾਈਟ ‘ਤੇ ਅੰਗਰੇਜ਼ੀ, ਸਪੈਨਿਸ਼, ਪੰਜਾਬੀ, ਹਿੰਦੀ, ਚੀਨੀ ਅਤੇ ਵੀਅਤਨਾਮੀ ਭਾਸ਼ਾਵਾਂ ਵਿੱਚ ਜਾਣਕਾਰੀ ਪ੍ਰਾਪਤ ਹੈ।

ਚੀਨੀ ਅਤੇ ਵੀਅਤਨਾਮੀ ਭਾਸ਼ਾ ਲਈ
604-660-6087
ਸਪੈਨਿਸ਼ 604-660-6090
ਪੰਜਾਬੀ ਅਤੇ ਹਿੰਦੀ 604-760-5727

**Law Students Legal Advice Program (LSLAP)**
ਇੱਕ ਗੈਰ ਮੁਨਾਫ਼ਾ ਸੰਸਥਾ ਹੈ ਜਿਹੜੀ ਯੂਨੀਵਰਸਿਟੀ ਆੱਫ਼ ਬ੍ਰਿਟਿਸ਼ ਕੋਲੰਬੀਆ (ਯੂਬੀਸੀ) ਦੇ ਕਾਨੂੰਨ ਦੀ ਪੜ੍ਹਾਈ ਕਰ ਰਹੇ ਵਿਦਿਆਰਥੀਆਂ ਵੱਲੋਂ ਚਲਾਈ ਜਾਂਦੀ ਹੈ।ਇਹ ਸੰਸਥਾਂ ਉਹਨਾਂ ਲੋਕਾਂ ਨੂੰ ਮੁਫ਼ਤ ਅਗਵਾਈ ਅਤੇ ਸਲਾਹ ਦਿੰਦੀ ਹੈ ਜਿਹੜੇ ਕਾਨੂੰਨੀ ਮਦਦ ਲੈਣ ਦਾ ਖ਼ਰਚਾ ਨਹੀਂ ਚੁੱਕ ਸਕਦੇ। ਇਹਨਾਂ ਦੇ ਦਫ਼ਤਰ ਵੈਨਕੂਵਰ ਅਤੇ ਲਾਗਲੇ ਸ਼ਹਿਰਾਂ ਵਿੱਚ ਸਥਿਤ ਹਨ।ਤੁਸੀਂ ਅਪਾਇੰਟਮੈਂਟ ਲੈਣ ਲਈ ਇਹਨਾਂ ਨੂੰ ਫੋਨ ਕਰ ਸਕਦੇ ਹੋ।

ਫੋਨ 604-822-5791
ਵੈਬਸਾਈਟ www.lslap.bc.ca

## Legal Services Society (LSS)
ਉਹਨਾਂ ਲੋਕਾਂ ਲਈ ਕਈ ਤਰ੍ਹਾਂ ਦੀਆਂ ਮੁਫ਼ਤ ਸੇਵਾਵਾਂ ਪ੍ਰਦਾਨ ਕਰਦੀ ਜਿਹੜੇ ਕਾਨੂੰਨੀ ਸਮੱਸਿਆ ਵਿੱਚੋਂ ਲੰਘ ਰਹੇ ਹੁੰਦੇ ਹਨ ਪਰ ਉਹ ਵਕੀਲ ਨਹੀਂ ਕਰ ਸਕਦੇ। ਐਲਐਸਐਸ ਹੇਠ ਲਿਖੀਆਂ ਸੇਵਾਵਾਂ ਦਿੰਦੇ ਹਨ:

- **ਕਾਨੂੰਨੀ ਜਾਣਕਾਰੀ** ਦੇਣ ਵਾਲੇ ਕਰਮਚਾਰੀ, ਕਈ ਭਾਸ਼ਾਵਾਂ ਵਿੱਚ ਪਰਚੇ ਅਤੇ ਵੈੱਬਸਾਈਟ www.familylaw.lss.bc.ca 'ਤੇ ਬੀਸੀ ਦੇ ਪਰਿਵਾਰਕ ਕਾਨੂੰਨ ਬਾਰੇ ਜਾਣਕਰੀ ਮਿਲਦੀ ਹੈ।ਇਹ ਵੈੱਬਸਾਈਟ ਵੱਖ-ਵੱਖ ਭਾਸ਼ਾਵਾਂ ਵਿੱਚ ਉਪਲਬਧ ਹੈ।

- **ਕਾਨੂੰਨੀ ਸਲਾਹ** ਕਈ ਅਦਾਲਤਾਂ ਵਿੱਚ ਡਿਊਟੀ ਕਾਉਂਸਲ ਵਕੀਲਾਂ ਤੋਂ ਮਿਲਦੀ ਹੈ।ਤੁਸੀਂ ਬਹੁਤੇ ਫੈਮਿਲੀ ਜਸਟਿਸ ਸੈਂਟਰਾਂ 'ਤੇ ਵਕੀਲਾਂ ਕੋਲੋਂ ਪਰਿਵਾਰਕ ਸਲਾਹ ਦੀ ਮਦਦ ਵੀ ਲੈ ਸਕਦੇ ਹੋ।

  ਫੋਨ ਲੋਅਰ ਮੇਨਲੈਂਡ ਦਾ ਨੰਬਰ 604-408-2172
  ਜਾਂਲੋਅਰ ਮੇਨਲੈਂਡ ਤੋਂ ਬਾਹਰ 1-866-577-2525

- **ਕਾਨੂੰਨੀ ਅਗਵਾਈ** ਵਕੀਲਾਂ ਵੱਲੋਂ ਉਹਨਾਂ ਲੋਕਾਂ ਵਾਸਤੇ ਹੁੰਦੀ ਹੈ ਜਿਹੜੇ ਗੰਭੀਰ ਪਰਿਵਾਰਕ, ਬੱਚੇ ਦੀ ਸੁਰੱਖਿਆ ਜਾਂ ਕਾਨੂੰਨ ਸੰਬੰਧੀ ਮੁੱਕਦਮਾ ਭੁਗਤ ਰਹੇ ਹਨ। ਇੱਥੋਂ ਆਵਾਸ ਲੈਣ ਲਈ, ਮਾਨਸਿਕ ਸਿਹਤ ਅਤੇ ਜੇਲ ਦੇ ਕਾਨੂੰਨਾਂ ਦੇ ਮਾਮਲਿਆਂ ਲਈ ਵੀ ਕੁਝ ਮਦਦ ਮਿਲ ਜਾਂਦੀ ਹੈ। ਤੁਸੀਂ ਲੀਗਲ ਏਡ ਦੇ ਦਫ਼ਤਰ ਆਪ ਜਾਕੇ ਜਾਂ ਫੋਨ ਕਰਕੇ ਇਸ ਸਹਾਇਤਾ ਲਈ ਅਰਜ਼ੀ ਦੇ ਸਕਦੇ ਹੋ। ਜੇਕਰ ਲੀਗਲ ਏਡ ਦੇ ਦਫ਼ਤਰ ਫੋਨ ਕਰਨ ਲਈ ਤੁਹਾਨੂੰ ਦੂਜੇ ਸ਼ਹਿਰ ਫੋਨ ਕਰਨਾ ਪੈਂਦਾ ਹੈ ਤਾਂ ਇਨਕੁਆਇਰੀ ਬੀਸੀ (Enquiry BC) ਨੂੰ ਮੁਫ਼ਤ ਫੋਨ ਕਰਕੇ ਲੀਗਲ ਏਡ ਦੇ ਦਫ਼ਤਰ ਦੇ ਨੰਬਰ 'ਤੇ ਫੋਨ ਮਿਲਾਉਣ ਲਈ ਕਹੋ।

  ਵੈਨਕੂਵਰ 604-660-2421
  ਵਿਕਟੋਰੀਆ 250-387-6121
  ਵਿਕਟੋਰੀਆ ਅਤੇ ਵੈਨਕੂਵਰ ਤੋਂ ਬਾਹਰ 1-800-663-7867

## Vancouver Justice Access Centre
ਤੁਹਾਡੀ ਲੋੜ ਦੇ ਹਿਸਾਬ ਨਾਲ ਤੁਹਾਨੂੰ ਕਾਨੂੰਨੀ ਮਸਲਿਆਂ ਬਾਰੇ ਜਾਣਕਾਰੀ ਦੇਂਦਾ ਹੈ। ਫੇਰ ਤੁਹਾਡੇ ਹਾਲਾਤ ਦੇ ਅਨੁਸਾਰ ਤੁਹਾਨੂੰ ਯੋਗ ਸੇਵਾਵਾਂ ਬਾਰੇ ਸਲਾਹ ਦਿੰਦੇ ਹਨ। ਇਹਨਾਂ ਦੀਆਂ ਸੇਵਾਵਾਂ ਵਿੱਚ ਸ਼ਾਮਲ ਹਨ ਆਪਣੀ ਮਦਦ ਆਪ ਕਰਨ ਬਾਰੇ ਜਾਣਕਾਰੀ, ਝਗੜੇ ਦਾ ਨਿਪਟਾਰਾ ਅਤੇ ਵਿਚੋਲਗੀ, ਕਾਨੂੰਨੀ ਸਲਾਹ ਅਤੇ ਭਾਈਚਾਰਕ ਸੰਸਥਾਵਾਂ 'ਤੇ ਜਾਣ ਦੀ ਸਲਾਹ। ਕੁਝ ਕੁ ਕੇਸਾਂ ਵਿੱਚ ਦੋ-ਭਾਸ਼ੀਏ ਦੀ ਸੇਵਾ ਵੀ ਮਿਲਦੀ ਹੈ।

ਫੋਨ 604-660-2084
ਇਨਕੁਆਇਰੀ ਬੀਸੀ (Enquiry BC) 1-800-663-7867 ਨੂੰ ਮੁਫ਼ਤ ਫੋਨ ਕਰੋ ਅਤੇ ਉਹਨਾਂ ਨੂੰ 604-660-2084 'ਤੇ ਫੋਨ ਮਿਲਾਉਣ ਲਈ ਆਖੋ।

## ਕਾਨੂੰਨੀ ਹਿਮਾਇਤ Legal Advocacy

ਹੇਠ ਲਿਖੀਆਂ ਸੰਸਥਾਵਾਂ ਕਾਨੂੰਨ ਦੇ ਵੱਖ-ਵੱਖ ਖ਼ੇਤਰਾਂ ਬਾਰੇ ਜਾਣਕਾਰੀ ਦਿੰਦੀਆਂ ਹਨ।

**Battered Women's Support Services**
ਪਰਿਵਾਰਕ ਅਤੇ ਆਵਾਸ ਲੈਣ ਬਾਰੇ ਕਾਨੂੰਨੀ ਸਲਾਹ ਦਿੰਦੇ ਹਨ। ਦੁਰਵਿਹਾਰ ਦਾ ਸ਼ਿਕਾਰ ਹੋਈਆਂ ਔਰਤਾਂ ਨਾਲ ਕੰਮ ਕਰਨ ਵਾਲੇ ਮੁਲਾਜ਼ਮ ਬਾਲ ਸੁਰੱਖਿਆ ਅਤੇ ਫੌਜਦਾਰੀ ਕਾਨੂੰਨ ਦੀਆਂ ਸੇਵਾਵਾਂ ਵੀ ਪ੍ਰਦਾਨ ਕਰਦੇ ਹਨ। ਇਹ ਸੇਵਾਵਾਂ ਸਪੈਨਿਸ਼, ਅੰਗਰੇਜ਼ੀ, ਫਾਰਸੀ ਅਤੇ ਟੈਗਾਲੌਗ ਭਾਸ਼ਾਵਾਂ ਵਿੱਚ ਉਪਲਬਧ ਹਨ।

ਫੋਨ 604-687-1867 ਵੈੱਬਸਾਈਟ www.bwss.org

**MOSAIC**
ਲੈਣ, ਨੌਕਰੀ ਅਤੇ ਗਰੀਬੀ ਬਾਰੇ ਕਾਨੂੰਨੀ ਸਲਾਹ ਦਿੰਦੇ ਹਨ।
ਬੇਨਤੀ ਕਰਨ 'ਤੇ ਦੋ-ਭਾਸ਼ੀਏ ਦੀਆਂ ਸੇਵਾਵਾਂ ਕਈ ਭਾਸ਼ਾਵਾਂ ਵਿੱਚ ਮਿਲਦੀਆਂ ਹਨ।

ਫੋਨ 604-254-9626 ਵੈੱਬਸਾਈਟ www.mosaicbc.com

**Newton Advocacy Group**
ਗਰੀਬੀ ਬਾਰੇ ਕਾਨੂੰਨ ਅਤੇ ਕਿਰਾਏਦਾਰਾਂ ਸੰਬੰਧੀ ਕਾਨੂੰਨਾਂ ਬਾਰੇ ਕਾਨੂੰਨੀ ਸਲਾਹ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਨ। ਇਹ ਸੇਵਾਵਾਂ ਅੰਗਰੇਜ਼ੀ, ਹਿੰਦੀ ਅਤੇ ਪੰਜਾਬੀ ਵੱਚ ਉਪਲਬਧ ਹਨ।

ਫੋਨ 604-596-2311 ਵੈੱਬਸਾਈਟ www.newtonadvocacygroup.ca

**North Shore Community Resources**
ਪਰਿਵਾਰਕ, ਆਵਾਸ ਲੈਣ ਲਈ ਅਤੇ ਕਿਰਾਏਦਾਰਾਂ ਦੇ ਕਾਨੂੰਨ ਸਲਾਹ ਦਿੰਦੇ ਹਨ।

ਫੋਨ 604-985-7138 ਵੈੱਬਸਾਈਟ http://www.nscr.bc.ca

**South Fraser Women's Services Society**
ਪਰਿਵਾਰ ਅਤੇ ਬੱਚਿਆਂ ਦੀ ਸੁਰੱਖਿਆ ਦੇ ਕਾਨੂੰਨ ਸੰਬੰਧੀ ਕਾਨੂੰਨੀ ਹਿਮਾਇਤ ਪ੍ਰਦਾਨ ਕਰਦੇ ਹਨ। ਇਹ ਸੇਵਾਵਾਂ ਅੰਗਰੇਜ਼ੀ, ਪੰਜਾਬੀ ਅਤੇ ਹਿੰਦੀ ਭਾਸ਼ਾਵਾਂ ਵਿੱਚ ਦਿੰਦੇ ਹਨ।

ਫੋਨ 778-565-3638 ਵੈੱਬਸਾਈਟ http://www.sfwomensservices.com

**Vancouver & Lower Mainland**
**Multicultural Family Support Services Society**
ਆਵਾਸੀ ਔਰਤਾਂ ਦੀ ਨਿਆਂ ਪ੍ਰਣਾਲੀ ਨਾਲ ਜਾਣ ਪਛਾਣ ਕਰਾਉਣ ਲਈ ਸਲਾਹ ਅਤੇ ਸਹਾਇਤਾ ਪ੍ਰਦਾਨ ਕਰਦੇ ਹਨ। ਇਹ ਅਦਾਲਤ ਲਈ ਤਿਆਰੀ, ਵਕੀਲ ਅਤੇ ਕਰਾਉਨ ਕਾਉਂਸਲ ਨਾਲ ਤਾਲਮੇਲ ਕਰਾਉਂਦੇ ਹਨ ਅਤੇ ਨਾਲ ਹੀ ਅਦਾਲਤੀ ਕਾਰਵਾਈ ਦੌਰਾਨ ਭਾਵਾਤਮਕ ਤੌਰ 'ਤੇ ਸਹਾਰਾ ਵੀ ਦਿੰਦੇ ਹਨ। ਇਹ ਸੇਵਾਵਾਂ ਕਈ ਭਾਸ਼ਾਵਾਂ ਵਿੱਚ ਉਪਲਬਧ ਹਨ।

ਫੋਨ 604-436-1025 ਵੈੱਬਸਾਈਟ www.vlmfss.ca

**YWCA Vancouver**
ਵਿਖੇ ਪਰਿਵਾਰਕ, ਕਿਰਾਏਦਾਰਾਂ ਅਤੇ ਗਰੀਬੀ ਸੰਬੰਧੀ ਕਾਨੂੰਨਾਂ ਬਾਰੇ ਸਲਾਹ ਦਿੰਦੇ ਹਨ।

ਫੋਨ 604-734-5517 ਵੈੱਬਸਾਈਟ www.ywcavan.org

## ਭਾਈਚਾਰੇ ਵਿਚਲੇ ਵਸੀਲੇ Community Resources

### Transition House for Women and their Children in BC

(ਟਰਾਂਜ਼ੀਸ਼ਨ ਹਾਉਸ) ਦਾ ਬੀਸੀ ਯੂਕੌਨ ਸੋਸਾਇਟੀ ਆਫ਼ ਟਰਾਂਜ਼ੀਸ਼ਨ ਹਾਉਸਿਸ ਸਹਾਰਾ ਘਰਾਂ, ਸੁਰੱਖਿਅਤ ਘਰਾਂ,ਅਤੇ ਹੋਰ ਅਦਾਰਿਆਂ ਦੀ ਇੱਕ ਗੈਰ ਮੁਨਾਫ਼ਾ ਸੰਸਥਾ ਹੈ। ਜਿਹੜੀ ਦੁਰਵਿਹਾਰ ਦਾ ਸ਼ਿਕਾਰ ਹੋਈਆਂ ਔਰਤਾਂ ਅਤੇ ਉਹਨਾਂ ਦੇ ਬੱਚਿਆਂ ਦੀਆਂ ਲੋੜਾਂਨੂੰ ਪੂਰਾ ਕਰਦੀ ਹੈ।

ਆਪਣੇ ਇਲਾਕੇ ਦੇ ਸਹਾਰਾ ਘਰ ਪਤਾ ਕਰਨ ਲਈ
ਟੌਲ ਫਰੀ 1-800-661-1040

ਵੈੱਬਸਾਈਟ www.bcysth.ca/index.html
ਬੀ. ਸੀ. ਅਤੇ ਯੂਕੌਨ ਦੇ ਵਿੱਚ ਸਹਾਰਾ ਘਰ ਬਾਰੇ ਪਤਾ ਕਰਨ ਲਈ ਵੈਬ ਤੇ ਜਾਓ

### Victim Link

Victim Link ਬੀਸੀ ਭਰ ਵਿੱਚ ਚੱਲਣ ਵਾਲੀ ਮੁਫ਼ਤ ਸੰਕਟ ਲਾਈਨ ਹੈ। Victim Link ਕਾਮੁਕ ਸ਼ੋਸ਼ਣ, ਰਿਸ਼ਤਿਆਂ ਵਿੱਚ ਅਤਿਆਚਾਰ, ਬਜ਼ੁਰਗਾਂ ਨਾਲ ਦੁਰਵਿਹਾਰ ਅਤੇ ਸਰੀਰਕ ਜਾਂ ਕਾਮੁਕ ਅਤਿਆਚਾਰ ਤੋਂ ਬਚਣ ਵਾਲੇ ਬਾਲਗਾਂ ਲਈ ਜਾਣਕਾਰੀ ਅਤੇ ਭਾਈਚਾਰਕ ਸੰਸਥਾਵਾਂ ਵੱਲ ਜਾਣ ਦੀ ਸਲਾਹ ਦਿੰਦੇ ਹਨ। ਵਿਕਟਮਲਿੰਕ 130 ਭਾਸ਼ਾਵਾਂ ਅਤੇ ਉਪ ਬੋਲੀਆਂ ਵਿੱਚ ਸੇਵਾਵਾਂ ਪ੍ਰਦਾਨ ਕਰਦੇ ਹਨ, ਜਿਸ ਵਿੱਚ ਉੱਤਰੀ ਅਮਰੀਕਾ ਦੀਆਂ ਸਤਾਰਾਂ ਆਦਿ ਵਾਸੀ ਭਾਸ਼ਾਵਾਂ ਵੀ ਸ਼ਾਮਲ ਹਨ। ਵਿਕਟਮਲਿੰਕ ਟੀਟੀਵਾਈ ਰਾਹੀਂ ਵੀ ਉਪਲਬਧ ਹੈ ਅਤੇ ਸਾਰੀਆਂ ਮੁੱਖ ਭਾਸ਼ਾਵਾਂ ਵਿੱਚ ਦੋ-ਭਾਸ਼ੀਆ ਸੇਵਾਵਾਂ ਪਰਦਾਨ ਕਰਦਾ ਹੈ।

ਟੀਟੀਵਾਈ 604-875-0885
ਟੈਲਸ ਰੀਲੇਅ ਸੇਵਾ 711 ਤੋਂ ਲਓ
ਟੌਲ ਫਰੀ 1-800-563-0808

ਵੈੱਬਸਾਈਟ www.victimsinfo.ca/services/victimlink

# ਵਕੀਲ ਨਾਲ ਕੰਮ ਕਰ ਰਹੀਆਂ ਇਮੀਗਰੈਂਟ (ਆਵਾਸੀ) ਔਰਤਾਂ ਲਈ ਕਿਤਾਬਚਾ

# BWSS ਦਾ ਕਿਤਾਬਚਾ

ਬੈਟਰਡ ਵਿਮੈਨਜ਼ ਸਪੋਰਟ ਸਰਵਿਸਿਜ਼
ਫੋਨ 604.687.1868

ਨਵੰਬਰ - 2010

bwss BATTERED WOMEN'S SUPPORT SERVICES | The Violence Stops Here

www.bwss.org • www.theviolencestopshere.ca